

# ਜੇ ਸਿਰ ਦਿਤਿਆਂ ਹੱਕ ਹਾਸਿਲ ਹੋਵੇ ਬਾਹੂ...

–ਤਸਕੀਨ

ਕੁਝ ਮਹੀਨੇ ਪਹਿਲਾਂ ਇਕ ਉਦਾਸੀ ਡੇਰੇ ’ਚ ਭਗਤੀ ਕਾਵਿ ਉੱਪਰ ਲੰਬੀ ਚੌੜੀ ਵਿਚਾਰ–ਚਰਚਾ ਹੋ ਰਹੀ ਸੀ ਤਾਂ ਮੈਂ ਸੁਭਾਵਿਕ ਹੀ ਡੇਰਾ ਮੁੱਖੀ ਵਿਦਵਾਨ ਨੂੰ ਪੁੱਛ ਲਿਆ ਕਿ ਬਾਹੂ ਅਤੇ ਬੁੱਲ੍ਹੇ ਬਾਰੇ ਕੀ ਵਿਚਾਰ ਹੈ? ਉਹਨਾਂ ਦਾ ਸਾਫ਼ ਤੇ ਸਪੱਸ਼ਟ ਦੋ ਟੁੱਕ ਜਵਾਬ ਸੀ ‘ਫ਼ਜ਼ੂਲ ਕਵਿਤਾ ਹੈ !’ ਇਸ ਤੋਂ ਬਾਅਦ ਸਵਾਲ ਦੀ ਕੋਈ ਗੁੰਜਾਇਸ਼ ਨਾ ਰਹੀ ਤੇ ਗੱਲਾਂ ਭਗਤੀ ’ਚ ਸੰਗੀਤ ਵੱਲ ਮੁੜ ਗਈਆਂ।ਉਦੋਂ ਤੋਂ ਹੁਣ ਤੱਕ ਮੈਨੂੰ ਬਾਹੂ ਤੇ ਬੁੱਲ੍ਹੇ ਦੀ ਕਵਿਤਾ ਲਈ ਵਰਤਿਆ ‘ਫਜ਼ੂਲ’ ਸ਼ਬਦ ਉਹਨਾਂ ਨਮਿਤ ਹੋਰ ਵੀ ਮਾਣ ਅਤੇ ਆਨੰਦ ਨਾਲ ਭਰ ਦਿੰਦਾ ਹੈ, ਕਿ ਲੋਕ ਕਵਿਤਾ ਹੋਵੇ ਤਾਂ ਏਦਾਂ ਦੀ ਜਿਸ ਪ੍ਰਤੀ ਸਥਾਪਤੀ ਅਤੇ ਭਗਤੀ ਵਰ੍ਹਿਆਂ ਬਾਅਦ ਵੀ ਕਿੜ ਨਾ ਛੱਡੇ।ਬਾਹੂ ਤੇ ਬੁੱਲ੍ਹੇ ਨੇ ਮੈਨੂੰ ਆਪਣੀ ਹੋਂਦ ਦਾ ਤਰਕ ਦਿੱਤਾ ਹੈ।ਕੁਝ ਸਮੇਂ ਪਹਿਲਾਂ ਉਧਰਲੇ ਪੰਜਾਬ ਦੀ ਇਕ ਵਿਦਵਾਨ ਨੇ ਕਿਹਾ ਸੀ ਕਿ ਜਿਸ ਔਰਤ ਕੋਲ ਬੁੱਲ੍ਹਾ ਹੈ ਉਸ ਨੂੰ ਸ਼ਰੀਅਤ ਗ਼ੁਲਾਮ ਨਹੀਂ ਬਣਾ ਸਕਦੀ।ਬਾਹੂ ਤੇ ਬੁੱਲ੍ਹਾ ਦੋਵੇਂ ਕਾਦਰੀ ਪ੍ਰੰਪਰਾ ਨਾਲ ਸਬੰਧਿਤ ਮੰਨੇ ਜਾਂਦੇ ਹਨ। ਬਾਹੂ ਸਰਵਰੀ ਕਾਦਰੀ ਪ੍ਰੰਪਰਾ ਅਬਦੁਲ ਕਾਦਰ ਜਿਲਾਨੀ ਨੂੰ ਆਪਣਾ ਮੁਰਸ਼ਦ ਸਵੀਕਾਰ ਕਰਦੀ ਹੈ, ਮਗਰ ਸ਼ੇਖ ਮੁਹੱਈਓਦੀਨ ਅਬਦੁਲ ਕਾਦਰ ਜਿਲਾਨੀ ਬਾਹੂ ਦੇ ਜੰਮਣ ਤੋਂ ਵੀ ਸਦੀਆਂ ਪਹਿਲਾਂ 1166 ਈ. ’ਚ ਫੌਤ ਹੋ ਚੁੱਕਾ ਸੀ।ਇਸ ਤੋਂ ਭਾਵ ਹੈ ਕਿ ਬਾਹੂ ਅਬਦੁਲ ਜਿਲਾਨੀ ਦਾ ਸਿੱਧੇ ਰੂਪ ’ਚ ਚੇਲਾ ਨਹੀਂ ਸਗੋਂ ਪੈਰੋਕਾਰ ਸੀ, ਜਿਸ ਦਾ ਕੰਮ ਰੂਹਾਨੀ ਸ਼ਕਤੀ ਦੀ ਬਜਾਏ ਵਿਚਾਰਕ ਸ਼ਕਤੀ ਦੀ ਤਾਲੀਮ ਹਾਸਿਲ ਕਰਨਾ ਹੁੰਦਾ ਹੈ। ਸੂਫ਼ੀਆਂ ਦੀ ਇਹ ਪ੍ਰੰਪਰਾ ਕਿਸੇ ਰੂਹਾਨੀ ਤਰਤੀਬ ਨੂੰ ਦੁਹਰਾਉਣ ’ਚ ਵਿਸ਼ਵਾਸ਼ ਨਹੀਂ ਰੱਖਦੀ ਸੀ, ਜਿਵੇਂ ਚਿਲਾ ਕੱਟਣਾ, ਧਿਆਨ ਲਾਉਣਾ, ਔਰਾਦ/ਮੰਤਰ ਪੜ੍ਹਨਾ ਆਦਿ ਜੋ ਹੋਰ ਭਾਰਤੀ ਸੂਫ਼ੀ ਪ੍ਰੰਪਰਾਵਾਂ ਕਰਦੀਆਂ ਸਨ। ਇਹ ਮਨ ਦੀ ਹੋਂਦ ਨੂੰ ਸਿਰਫ ਅੱਲ੍ਹਾ/ਰੱਬ ਦੀ ਦੇਣ ਸਵੀਕਾਰ ਕਰਦੇ ਹਨ ਅਤੇ ਹਰ ਸਾਹ ਦਾ ਅੰਦਰ ਤੇ ਬਾਹਰ (ਨ.ਫਸ) ਆਉਣਾ ਜਾਣਾ ਹੀ ਮਨੁੱਖ ਵੱਲੋਂ ਅੱਲ੍ਹਾ ਦਾ ਨਾਮ ਲੈਣਾ ਸਵੀਕਾਰਦੇ ਹਨ, ਜਿਵੇਂ ‘ਚੌਵੀ ਹਜ਼ਾਰ ਨਮਾਜ਼ ਫੱਕਰ ਦੀ’।ਮਨੁੱਖੀ ਪਿਆਰ/ਇਸ਼ਕ ਹੀ ਇਹਨਾਂ ਦੀ ਪਛਾਣ ਅਤੇ ਮਨੁੱਖੀ ਹੋਂਦ ਦਾ ਤਰਕ ਹੈ।ਭਗਤੀ/ਤਸੱਵਫ਼ ਦੇ ਮੁਕਾਬਲੇ ਦੇ ਯੁੱਗ ’ਚ ਕਾਦਰੀਆਂ ਦਾ ਆਪਣੇ ਆਪ ਨੂੰ ਤਰਕ ਦੇ ਹਵਾਲੇ ਕਰਨਾ ਆਪਣੀ ਹੀ ਕਿਸਮ ਦਾ ਰੇਨਾਂਸਾਂ ਸੀ, ਜੋ ਇਸਲਾਮ ਦੀ ਤਾਰਕਿਕ ਪ੍ਰਣਾਲੀ ਦੇ ਅੱਧ ਵਿਚਾਲੇ ਟੁੱਟ ਜਾਣ ਕਰਕੇ ਭਾਰਤ ਦੇ ਪੱਲੇ ਨਹੀਂ ਪਿਆ ਸੀ, ਕਿਉਂਕਿ ਅਰਬੀ ਵਿਦਵਾਨਾਂ ਦੀ ਦਾਰਸ਼ਨਿਕ, ਹਿਕਮਤ, ਨਕਛੱਤਰ ਵਿਗਿਆਨ ਆਦਿ ਨਾਲ ਭਰੀ ਤਾਰਕਿਕ ਪ੍ਰਣਾਲੀ, ਅਰਸਤੂਵਾਦ ਦੀ ਅਲੋਚਨਾ ਅਤੇ ਨਵੀਂ ਵਿਆਖਿਆ ਮਨੁੱਖਵਾਦੀ ਪ੍ਰਬੰਧ ਨੂੰ ਉਸਾਰਨ ’ਚ ਮਦਦ ਕਰ ਰਹੀ ਸੀ, ਜਿਸ ਲਈ ਅਰਬੀ ਵਿਦਵਾਨ ਸਪੇਨ ਤੋਂ ਲੈ ਕੇ ਭਾਰਤ, ਚੀਨ, ਸ਼੍ਰੀਲੰਕਾ ਤੱਕ ਦੇ ਗੇੜੇ ਕੱਢਦੇ ਤਾਰਕਿਕ ਅਤੇ ਲੌਕਿਕ ਗਿਆਨ ਨੂੰ ਇਕੱਠਾ ਕਰ ਰਹੇ ਸਨ, ਕਿਉਂਕਿ ਇਸਲਾਮ ਦੀ ਜੀਵਨ ਪੱਧਤੀ ਤਰਕ ਦੇ ਵਿਰੋਧ ਵਜੋਂ ਉਤਪੰਨ ਨਹੀਂ ਸੀ ਹੋਈ, ਸਗੋਂ ਦੇਵ ਪੂਜਾ, ਦੇਹ ਪੂਜਾ, ਬੁੱਤ ਪ੍ਰਸਤੀ ਦੇ ਵਿਰੋਧ ’ਚ ਕੇਵਲ ਇਕ ਅੱਲ੍ਹਾ ਨੂੰ ਕੁਦਰਤ/ਮਨੁੱਖ ਦਾ ਪੈਦਾ ਕਰਤਾ ਸਵੀਕਾਰਨ ਅਤੇ ਉਸ ਅਧੀਨ ਨੇਮਬੱਧ ਹੋਣ ’ਚ ਹੋਈ ਸੀ।ਖ਼ਲੀਫ਼ਿਆਂ ਦੀ ਅਗਵਾਈ ’ਚ ਇਸਲਾਮ ਦੇ ਪ੍ਰਚਾਰ ਪਰਸਾਰ ਅਤੇ ਭੌਤਿਕ ਵਿਕਾਸ ਦਾ ਸੁਨਿਹਰੀ ਯੁੱਗ 12ਵੀਂ ਸਦੀ ਦੇ ਅੰਤਿਮ ਦੌਰ ’ਚ ਜਾ ਕੇ ਕਰਵਟ ਲੈਂਦਾ ਹੈ ਜਿਸ ਦਾ ਕਾਰਨ ਇਸਲਾਮ ਦਾ ਸਥਾਪਿਤ ਸੱਭਿਅਕ ਸਮਾਜਾਂ ਦੀਆਂ ਵਲਗਣਾਂ ਅੰਦਰ ਵੀ ਪ੍ਰਵੇਸ਼ ਕਰ ਜਾਣਾ ਸੀ, ਜਦੋਂਕਿ ਇਹ ਬਰਾਬਰੀ ਵਾਲੀ ਕਬੀਲਾਈ

ਏਕਤਾ ਅਤੇ ਗਿਆਨ ਦਾ ਧਰਮ ਸੀ। ਇਸਲਾਮ ਨੇ ਮਹੰਮਦ ਸਾਹਿਬ ਦੇ ਜੀਵਨ 'ਚ ਹੀ ਅਲ-ਸ਼ਾਮ ਨੂੰ ਜਾ ਘੇਰਿਆ ਅਤੇ ਇਕ ਸਦੀ 'ਚ ਹੀ ਕਦੇ ਨਾ ਢਹਿਣ ਵਾਲੇ ਰੋਮਨ ਸਾਮਰਾਜ ਨੂੰ ਤਬਾਹ ਕਰ ਦਿੱਤਾ; ਡੇਢ ਸਦੀ ਤੱਕ ਸਮਰਕੰਦ ਨੂੰ ਪਾਰ ਕਰਦਿਆਂ ਚੀਨ ਨਾਲ ਜਾ ਟਕਰਾਇਆ ਅਤੇ ਉਥੋਂ ਦੀ ਤਕਨੀਕ, ਵਿਗਿਆਨ ਅਤੇ ਦਰਸ਼ਨ ਨੂੰ ਆਪਣੇ ਕਲਾਵੇ 'ਚ ਘੁੱਟ ਕੇ ਇਸ ਨੂੰ ਮਨੁੱਖੀ ਵਿਕਾਸ ਦੀ ਦਿਸ਼ਾ ਵੱਲ ਮੋੜ ਦਿੱਤਾ। ਇਸਲਾਮ ਦੀ ਵਪਾਰਕ ਬਿਰਤੀ ਨੇ ਸਨਅਤ ਦੇ ਵਿਕਾਸ ਅਤੇ ਨਵੀਆਂ ਕਾਢਾਂ ਦਾ ਰਾਹ ਰੌਸ਼ਨ ਕਰ ਦਿੱਤਾ। ਅਫ਼ਲਾਤੂਨ, ਅਰਸਤੂ ਦੀ ਲੱਭਤ ਨੇ ਇਹਨਾਂ ਦਾ ਮੂੰਹ ਤਰਕ ਦੀ ਦਾਰਸ਼ਨਿਕ ਪੱਧਤੀ ਵੱਲ ਭੁਆਂ ਦਿੱਤਾ ਸੀ। ਅਲ-ਖ਼ੁਆਰਜ਼ੀਮੀ ਨੇ ਭਾਰਤ ਅਤੇ ਯੂਨਾਨ ਤੋਂ ਪ੍ਰਾਪਤ ਹੋਏ ਗਣਿਤ ਨੂੰ ਵਿਕਸਤ ਰੂਪ 'ਚ ਜੁਮੈਟਰੀ ਅਤੇ ਅਲਜ਼ਬਰਾ ਦੀ ਦਿਸ਼ਾ 'ਚ ਮੋੜ ਦਿੱਤਾ, ਜਿਸਨੇ ਨਕਛੱਤਰ ਵਿਗਿਆਨ (astronomy) 'ਚ ਇਕ ਨਵੀਂ ਕ੍ਰਾਂਤੀਕਾਰੀ ਰੂਹ ਫੂਕੀ। ਅਲ ਕਿੰਦੀ, ਅਲ ਫ਼ਾਰਾਬੀ, ਇਬਨੇ ਅਰਬੀ, ਅਲ ਬਰੂਨੀ, ਇਬਨ ਸੀਨਾ, ਇਬਨ ਰਸ਼ਦ, ਅਲ ਗ਼ਜ਼ਾਲੀ ਆਦਿ ਨੇ ਹਰ ਤਰ੍ਹਾਂ ਦੇ ਵਿਗਿਆਨ, ਤਕਨੀਕ, ਹਿਸਾਬ ਅਤੇ ਦਰਸ਼ਨ ਨੂੰ ਇਕ ਤਾਰਕਿਕ ਸ਼ਕਲ 'ਚ ਢਾਲਦਿਆਂ ਤਾਰੀਖ਼ਕਾਰੀ ਨੂੰ ਇਕ ਨਵਾਂ ਮੋੜ ਦਿੱਤਾ। ਫ਼ਲਸਫ਼ੇ ਦੀ ਧਰਤ ਜ਼ਰਖੇਜ ਹੋ ਗਈ ਅਤੇ ਸਾਹਿਤਕਾਰੀ , ਹਿਕਮਤ ਦੇ ਨਾਲ-ਨਾਲ ਹਰ ਤਰ੍ਹਾਂ ਦੇ ਵਿਗਿਆਨ 'ਚ ਦਾਨਸ਼ਵਰੀ ਘਰ ਕਰ ਗਈ। ਖ਼ੁਆਰਜ਼ਿਮ, ਬਗ਼ਦਾਦ, ਬਸਰਾ, ਮੁਰੱਕੋ, ਇਸਲਾਮਿਕ ਸਪੇਨ ਆਦਿ ਬਹੁਤ ਸਾਰੇ ਗਿਆਨ ਦੇ ਕੇਂਦਰ ਬਣ ਗਏ ਅਤੇ ਕਾਗ਼ਜ ਦੇ ਵਾਧੂ ਉਤਪਾਦਨ ਨੇ ਇਸ ਗਿਆਨ 'ਚ ਇਜ਼ਾਫ਼ਾ ਕਰਨ ਦੀ ਬਹੁਤ ਮਦਦ ਕੀਤੀ, ਬਲਕਿ ਕਾਗ਼ਜ਼, ਕਾਤਬਕਾਰੀ, ਨਕਲਾਂ, ਕਿਤਾਬ ਘਰ ਇਕ ਸਨਅਤੀ ਸ਼ਕਲ ਧਾਰ ਗਏ।

ਹਜ਼ਰਤ ਸੁਲਤਾਨ ਬਾਹੂ ਦਾ ਜਨਮ ਸ਼ੋਰਕੋਟ ਦੇ ਮੌਜੂਦਾ ਜ਼ਿਲਾ ਝੰਗ 'ਚ 17 ਜਨਵਰੀ 1630 ਨੂੰ ਹੋਇਆ। ਮੁਗ਼ਲਾਂ ਦੇ ਹਿੰਦੁਸਤਾਨ ਦੀ ਹਕੂਮਤ ਸੰਭਾਲਣ ਤੋਂ ਤਕਰੀਬਨ ਇਕ ਸਦੀ ਬਾਅਦ। ਇਸ ਸਮੇਂ ਤੱਕ ਹਿੰਦੁਸਤਾਨੀ ਮੁਗ਼ਲ ਬਾਦਸ਼ਾਹਾਂ ਦੀ ਇਮਾਰਤਸਾਜ਼ੀ, ਲਿਬਾਸ ਅਤੇ ਰਹਿਣ ਸਹਿਣ ਦੇ ਸ਼ਹਾਨਾ ਢੰਗ ਪੱਛਮੀ ਯੂਰਪ ਅੰਦਰ ਅਲਫ਼ ਲੈਲਾ ਦੇ ਕਿੱਸਿਆਂ ਵਾਂਗ ਮਸਾਲੇਦਾਰ ਮਿੱਥ ਕਥਾਵਾਂ ਬਣ ਚੁੱਕੇ ਸਨ। ਭਾਵ ਬਾਹੂ ਦੇ ਜਨਮ ਵੇਲੇ ਬੇਬਹਾ ਵਸਤਾਂ ਦੇ ਉਤਪਾਦਨੀ ਵਿਕਾਸ ਦੇ ਨਾਲ-ਨਾਲ ਪੰਜਾਬੀ ਸਾਹਿਤ ਵੀ ਤਿੱਖੀ ਤੋਰ ਤੁਰ ਰਿਹਾ ਸੀ। ਮੱਧਕਾਲ ਪੰਜਾਬੀ ਸਮਾਜ ਦਾ ਕਿੱਤਾਕਾਰੀ ਆਵਾਮ ਅੱਖਰੀ ਗਿਆਨ ਦੀ ਬਜਾਏ ਚਿੰਤਨ/ਸਾਹਿਤ ਦਾ ਸਰੋਤਾ ਵਧੇਰੇ ਕਰਕੇ ਸੀ, ਕਿਉਂਕਿ ਅੱਖਰੀ ਗਿਆਨ ਮੱਧਵਰਗੀ ਲੋਕਾਂ ਦੀ ਖ਼ਾਸ ਲੋੜ ਹੁੰਦਾ ਸੀ ਜਿਸ ਕਰਕੇ ਸਰੋਤਾ ਮੁਖੀ ਸਾਹਿਤ/ਚਿੰਤਨ ਇਸ ਯੁੱਗ ਦੀ ਵਧੇਰੇ ਲੋੜ ਸੀ। ਉਸ ਵੇਲੇ ਪੜ੍ਹਨ ਲਿਖਣ ਅਤੇ ਗਿਆਨ ਹਾਸਿਲ ਕਰਨ ਦੀ ਫ਼ਸਲਫ਼ਈ ਜ਼ਬਾਨ ਫ਼ਾਰਸੀ ਸੀ ਅਤੇ ਕਿਤਾਬਾਂ ਦੀ ਵੱਢੇ ਪੱਧਰ 'ਤੇ ਵਿਕਰੀ ਇਸੇ ਭਾਸ਼ਾ 'ਚ ਸੀ। ਅਰਬੀ ਦੀਆਂ ਕਿਤਾਬਾਂ ਖਰੀਦਣ ਵਾਲੇ ਘੱਟ ਸਨ। ਮਗਰ ਪੰਜਾਬੀ ਸਾਹਿਤ ਦਾ ਬਹੁਤਾ ਹਿੱਸਾ ਸਰੋਦੀ ਕਵਿਤਾ ਨੇ ਮੱਲ ਲਿਆ ਇਸ ਕਰਕੇ ਗਦ ਰਚਨਾ ਦਾ ਵਿਕਾਸ ਨਾ ਹੋਇਆ, ਇਹ ਫ਼ਾਰਸੀ 'ਚ ਹੀ ਮੌਜੂਦ ਸੀ। ਪੰਜਾਬੀ ਜ਼ਬਾਨ ਫ਼ਲਸਫ਼ੇ, ਸੰਵਾਦ, ਸੱਭਿਆਚਾਰ ਲਈ ਕਵਿਤਾ ਮੁੱਖ ਤੱਤ ਵਜੋਂ ਵਿਕਸਤ ਹੋਈ। ਪੰਜਾਬ 'ਚ ਇਸਲਾਮ ਦੀ ਮਾਂ ਭਾਸ਼ਾ ਪੰਜਾਬੀ ਸੀ ਇਸ ਲਈ ਮੁਸਲਿਮ ਲੇਖਕਾਂ ਦਾ ਪੰਜਾਬੀ ਆਵਾਮ ਨੂੰ ਸੰਬੋਧਨ ਇਸੇ ਭਾਸ਼ਾ ਦੀ ਮਿਠਾਸ 'ਚ ਘੁਲਦਾ ਹੈ। ਹਜ਼ਰਤ ਬਾਹੂ ਨੇ ਗਿਆਨ ਹਾਸਿਲ ਕਰਨ ਲਈ ਅਰਬੀ, ਫ਼ਾਰਸੀ ਦਾ ਗਹਿਨ ਮੁਤਾਲਿਆ ਕਰਕੇ ਪੰਜਾਬੀ ਕਵਿਤਾ ਨੂੰ ਤਰਕ ਦੇ ਫ਼ਲਸਫ਼ੇ ਨਾਲ ਮਾਲਾ-ਮਾਲ ਕਰ ਦਿੱਤਾ। ਬਾਹੂ ਦੀਆਂ ਫ਼ਾਰਸੀ ਲਿਖਤਾਂ ਨੂੰ ਚੰਦ ਲੋਕ ਜਾਣਦੇ ਹੋਣਗੇ ਮਗਰ ਸੀਹਰਫ਼ੀਆਂ ਪੰਜਾਬੀ ਮਨੋਚੇਤਨਾ 'ਚ ਘਰ ਕਰ ਗਈਆਂ। ਸੁਲਤਾਨ ਬਾਹੂ ਦੀ ਪੰਜਾਬੀ ਕਵਿਤਾ ਵਿਚਲਾ ਚਿੰਤਨੀ ਰੁਖ ਆਪਣੇ ਯੁਗ ਦਾ ਸਭ ਤੋਂ ਨਿਵੇਕਲਾ ਪੰਧ ਹੈ, ਕਿਉਂਕਿ ਇਸ ਵੇਲੇ ਦੇ ਸਾਹਿਤ ਨੂੰ ਭਗਤੀ/ਵਹਦਤ ਦਾ ਰੰਗ ਗੂੜ੍ਹਾ ਚੜ੍ਹਿਆ ਹੋਇਆ ਸੀ। ਸਿਲਸਿਲਿਆਂ ਦੀ ਭਗਤੀ ਦੇ ਇਸ ਮਜੀਠ ਰੰਗ ਨੂੰ ਚਣੌਤੀ ਬਾਹੂ ਸਵੈ ਨੂੰ ਪੁਰਾਣਾ ਨੀਲ ਦੱਸ ਕੇ ਦਿੰਦਾ ਹੈ, "ਖਾਲਸ ਨੀਲ ਪੁਰਾਣੇ ਉਤੇ ਨਹੀਂ ਚੜ੍ਹਦਾ ਰੰਗ ਮਜੀਠੀ ਹੂ।" ਇਤਿਹਾਸ ਦੀ ਉਸ ਗਤੀ ਨੂੰ ਵਾਚਣਾ ਇਕ ਜ਼ਰੂਰੀ ਤੱਤ ਹੈ ਕਿ ਬਾਹੂ ਖ਼ੁਦਾ ਦੀ ਹੋਂਦ ਨੂੰ ਸਵੀਕਾਰ ਕਰਦਿਆਂ ਭਗਤੀ, ਮੰਤਰ ਉਚਾਰਣ, ਤੀਰਥ ਯਾਤਰਾ ਵਰਗੇ 'ਇਸਲਾਮਕ' ਅਤੇ ਹਿੰਦੂ ਕਰਮਕਾਂਢਾਂ ਨੂੰ ਚਣੌਤੀ ਦੇਣ ਦਾ 'ਕੁਫ਼ਰ' ਕਿਉਂ ਕਰਦਾ ਹੈ ਅਤੇ ਭਗਤੀ ਦੇ ਸ਼ੋਰ 'ਚ ਉਸ ਕੋਲ ਬਾਬਾ ਨਾਨਕ ਵਾਂਗ ਤਾਰਕਿਕ ਸ਼ਕਤੀ ਕਿਥੋਂ ਪ੍ਰਾਪਤ ਹੁੰਦੀ ਹੈ? ਇਹ ਸਵਾਲ ਅੱਜ ਦੇ ਤਕਨੀਕੀ ਵਿਕਾਸ 'ਚ ਦਾਨਸ਼ਵਰੀ ਹੀਣ ਯੁੱਗ ਦੀ ਅਤਿਅੰਤ ਲੋੜ ਹੈ। ਉਸ ਦੀ ਇਹ ਸ਼ਕਤੀ ਆਸਥਾ ਦੀ ਬਜਾਏ ਕਾਰਨਾਂ ਦੀ ਤਲਾਸ਼ 'ਚੋਂ ਤਰਕ ਦਾ ਰਾਹ ਫੜਨ 'ਚ ਪਈ ਹੈ। ਅੱਜ ਵਿਕਾਸ ਦੇ ਸੋਹਿਲੇ ਗਾਉਣ ਵਾਲੇ ਯੁੱਗ 'ਚ ਬਾਹੂ ਵਰਗੇ ਵਿਚਾਰ ਰੱਖਣੇ ਮੁਸ਼ਕਲ ਕਿਉਂ ਬਣ ਗਏ ਹਨ? ਜਦੋਂ ਕਿ ਬਾਹੂ ਵੇਲੇ ਰਿਆਸਤ ਰਾਜਾਸ਼ਾਹੀ ਤੰਤਰ ਦਾ ਹਿੱਸਾ ਸੀ ਅਤੇ ਅੱਜ ਲੋਕਤੰਤਰ ਮਨੁੱਖ ਦੇ ਸੰਪੂਰਨ ਆਜ਼ਾਦ ਹੋਣ ਦਾ ਦਾਅਵੇਦਾਰ ਹੈ। ਇਸ ਮਜੀਠ ਰੰਗ ਨੂੰ ਪੁਰਾਣੇ ਨੀਲ ਉਪਰ ਚੜ੍ਹਾਉਣ ਦੀ ਜਿਦ ਧਰਮ ਅਤੇ ਸਟੇਟ ਲਈ ਇਕ ਸਾਂਝਾ ਨੁਕਤਾ ਕਿਉਂ ਬਣ ਗਈ ਹੈ, ਜਦੋਂ ਕਿ ਆਧੁਨਿਕ ਗਣਤੰਤਰੀ ਢਾਂਚਾ ਬਣਾਉਣ ਵਾਲੇ ਕਾਰਨਾਂ ਦੀ ਤਲਾਸ਼ 'ਚ ਤਰਕ ਦੀ ਕਸਵੱਟੀ ਤੇ ਜ਼ੋਰ ਦਿੰਦੇ ਸਨ। ਹਜ਼ਰਤ ਸੁਲਤਾਨ ਬਾਹੂ ਅਤੇ ਬੁੱਲ੍ਹੇ ਸ਼ਾਹ ਦੇ ਬਾਗ਼ੀ ਰੌਂਅ ਨੂੰ ਜਾਨਣ ਲਈ ਥੋੜ੍ਹੀ ਦੇਰ ਮੱਧਕਾਲੀ ਇਤਿਹਾਸ ਵੱਲ ਜਾਣਾ ਹੀ ਪਵੇਗਾ।

ਪੰਜਾਬ ਦੇ ਲੋਕ ਜੋ ਜਨਜਾਤੀ ਸਮੂਹਾਂ 'ਚ ਵਿਚਰਦੇ ਸਨ ਬ੍ਰਾਹਮਣਵਾਦੀ ਅਸਮਾਨਤਾ ਦੇ ਖ਼ੌਫ਼ 'ਚ ਘਿਰੇ ਹੋਏ ਸਨ। ਮੁਹੰਮਦ ਬਿਨ ਕਾਸਿਮ ਨੇ ਬ੍ਰਾਹਮਣਵਾਦ ਦੇ ਵਿਰੋਧੀ ਇਹਨਾਂ ਜੱਟ ਅਤੇ ਹੋਰ ਕਬੀਲਿਆਂ ਦੀ ਮਦਦ ਨਾਲ ਸਿੰਧ ਨੂੰ ਫ਼ਤਿਹ ਕੀਤਾ ਸੀ ਅਤੇ ਆਪਣੇ ਪੂਰਵਜ ਅਰਬ ਜੇਤੂਆਂ ਦੀਆਂ ਨੀਤੀਆਂ ਦੀ ਪੈਰਵੀ ਕੀਤੀ ਸੀ। ਹੌਲੀ-ਹੌਲੀ ਸਿੰਧ ਤੋਂ ਅੱਗੇ ਇਸਲਾਮ ਦੇ ਪ੍ਰਚਾਰ ਨਾਲ ਬ੍ਰਾਹਮਣ ਵੀ ਇਸ ਸਮਾਜ ਦਾ ਹਿੱਸਾ ਬਣਦੇ ਸਰਕਾਰੀ ਪਦਾਂ ਤੇ ਸੱਤਾਸੀਨ ਹੋ ਗਏ। ਪੰਜਾਬ ਜਾਂ ਸਿੰਧ ਦੇ ਬ੍ਰਾਹਮਣ ਵੀ ਕਬੀਲਿਆਂ 'ਚੋਂ ਪੂਜਾ ਕਰਨ ਵਾਲੇ ਪੁਜਾਰੀ ਹੀ ਬਣਾਏ ਗਏ ਸਨ ਅਤੇ ਬ੍ਰਾਹਮਣਵਾਦੀ ਵਿਚਾਰਧਾਰਾ ਦਾ ਨਜ਼ਰੀਆ ਇਹਨਾਂ ਪ੍ਰਤੀ ਵੀ ਮਲੇਸ਼ਾਂ ਵਾਲਾ ਹੀ ਸੀ। ਇਹੋ ਕਾਰਨ ਸੀ ਕਿ ਬ੍ਰਾਹਮਣਾਂ ਦਾ ਕੁਝ ਹਿੱਸਾ ਵੀ 'ਮਲੇਸ਼' ਹਮਲਾਵਰਾਂ ਦਾ ਸਮਰਥਕ ਹੋ ਗਿਆ

ਸੀ। ਪੰਜਾਬੀ ਕਬੀਲਿਆਂ ਦਾ ਵੱਡਾ ਹਿੱਸਾ ਬੋਧੀ ਸੀ ਮਗਰ ਬੁੱਧ ਧਰਮ 11ਵੀਂ-12ਵੀਂ ਸਦੀ ਤੱਕ ਆਪਣੀਆਂ ਅੰਦਰੂਨੀ ਕਮਜ਼ੋਰੀਆਂ ਕਾਰਨ ਪਤਨ ਦਾ ਸ਼ਿਕਾਰ ਹੁੰਦਾ ਹੋਇਆ ਕਰਮਕਾਂਢੀ ਧਾਰਾ ਵੱਲ ਵਹਿ ਤੁਰਿਆ ਸੀ। ਅਰਬੀ ਇਸਲਾਮ ਦੀ ਸਮਾਨਤਾ ਭਰੀ ਇਕਈਸ਼ਵਰਵਾਦੀ ਧਾਰਾ ਨੇ ਬੁੱਧ ਧਰਮ ਦੇ ਬਦਲ ਵਜੋਂ ਇਹਨਾਂ ਪੰਜਾਬੀ ਕਬੀਲਿਆਂ ਨੂੰ ਆਪਣੇ ਵੱਲ ਖਿੱਚ ਲਿਆ। ਬਾਅਦ 'ਚ ਇਰਾਨ ਤੋਂ ਆਉਣ ਵਾਲੇ ਸੂਫ਼ੀ ਸੰਤਾਂ ਦੇ ਡੇਰਿਆਂ 'ਚ ਬ੍ਰਾਹਮਣਵਾਦ ਦੇ ਸਤਾਏ ਲੋਕਾਂ ਦੀ ਭਰਪੂਰ ਹਾਜ਼ਰੀ ਹੋਣ ਲੱਗੀ। ਸੂਫ਼ੀਵਾਦੀ ਧਾਰਾ ਨੇ ਇਹਨਾਂ ਕਬੀਲਿਆਂ ਦੀ ਭਾਸ਼ਾ ਦਾ ਵਿਕਾਸ ਕਰਦਿਆਂ ਇਹਨਾਂ ਨੂੰ ਲਿੱਪੀ ਦਿੱਤੀ ਅਤੇ ਪੰਜਾਬੀ ਇਸਲਾਮ ਦੀ ਮਾਂ ਭਾਸ਼ਾ ਪੰਜਾਬੀ ਨੂੰ ਸਵੀਕਾਰਿਆ। ਬਾਬਾ ਫਰੀਦ ਦੀ ਬਾਣੀ ਤੋਂ ਸਾਫ਼ ਜ਼ਾਹਿਰ ਹੈ ਕਿ 12ਵੀਂ ਸਦੀ ਦੇ ਅੰਤ ਅਤੇ 13ਵੀਂ ਸਦੀ ਦੇ ਚੜ੍ਹਾਅ ਤੱਕ ਪੰਜਾਬੀ ਕਿੰਨੀ ਵਿਕਸਤ ਜ਼ਬਾਨ ਸੀ ਅਤੇ ਇਹ ਫਰੀਦ ਦੀ ਮਾਦਰੇ-ਜ਼ਬਾਨ ਸੀ। ਮਾਦਰੇ ਜ਼ਬਾਨ ਤੋਂ ਬਿਨਾਂ ਅਜਿਹੀ ਸਰਲਤਾ ਹੋ ਹੀ ਨਹੀਂ ਸਕਦੀ । ਵੈਸੇ ਵੀ ਇਸਲਾਮ ਨੇ ਜਿਸ ਕਬੀਲੇ ਨੂੰ ਵੀ ਦੁਨੀਆ 'ਚ ਇਸਲਾਮ ਦਾ ਹਿੱਸਾ ਬਣਾਇਆ ਉਸਦੇ ਸੱਭਿਆਚਾਰ ਅਤੇ ਜ਼ਬਾਨ 'ਚ ਕੋਈ ਤਬਦੀਲੀ ਨਹੀਂ ਕੀਤੀ ਸੀ, ਹਾਂ ਜੇ ਉਹਨਾਂ ਕਬੀਲਿਆਂ ਨੇ ਅਜੇ ਲਿੱਪੀ ਤੱਕ ਵਿਕਾਸ ਨਾ ਕੀਤਾ ਹੁੰਦਾ ਤਾਂ ਉਹਨਾਂ ਨੂੰ ਲਿੱਪੀ ਪ੍ਰਦਾਨ ਕਰ ਦਿੱਤੀ ਜਾਂਦੀ, ਜਿਵੇਂ ਪੰਜਾਬੀ ਨੂੰ ਫ਼ਾਰਸੀ ਲਿੱਪੀ ਪ੍ਰਦਾਨ ਕੀਤੀ ਗਈ। ਪੰਜਾਬ 'ਚ ਮੱਧਕਾਲੀ ਗ਼ੈਰ-ਮੁਸਲਿਮ ਲਿਖਤਾਂ 'ਚ ਪੰਜਾਬੀ ਮੁਹਾਵਰਾ ਤਕਰੀਬਨ ਗ਼ੈਰਹਾਜ਼ਿਰ ਹੈ। ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਸਮੇਤ ਮੱਧਕਾਲੀ ਸਿੱਖ ਸਾਹਿਤ ਗੁਰਮੁਖੀ ਲਿੱਪੀ 'ਚ ਤਾਂ ਹੈ ਮਗਰ ਇਸਦੀ ਜ਼ਬਾਨ ਬਹੁਤਾ ਕਰਕੇ ਪੰਜਾਬੀ ਨਹੀਂ ਹੈ।

ਅਗਲੇ ਵਿਕਾਸ 'ਚ ਸੂਫ਼ੀਆਂ ਦਾ ਪ੍ਰਭਾਵ ਪੰਜਾਬੀ ਖੇਤਰ 'ਚ ਜਿਕਰਯੋਗ ਭੂਮਿਕਾ ਨਿਭਾਉਂਦਾ ਹੈ। ਪੰਜਾਬ ਦੇ ਨਾਲ ਲੱਗਦੇ ਖੇਤਰਾਂ 'ਚ ਵੀ ਇਹਨਾਂ ਸੂਫ਼ੀ ਡੇਰਿਆਂ ਦਾ ਪ੍ਰਭਾਵ ਵੱਧ ਗਿਆਂ ਸੀ। ਇਸਲਾਮ ਤੋਂ ਪਹਿਲਾਂ ਇਰਾਨ ਅਤੇ ਉਸਦੇ ਨਾਲ ਲਗਦੇ ਖੇਤਰਾਂ 'ਚ ਵੇਦਾਂਤ ਪਹੁੰਚ ਗਿਆ ਸੀ ਅਤੇ ਬ੍ਰਹਮ ਦੀ ਪ੍ਰਾਪਤੀ ਦਾ ਮਾਰਗ ਇਸਲਾਮ ਤੋਂ ਪਹਿਲਾਂ ਵੇਦਾਂਤ ਅਤੇ ਬੁੱਧ ਦਾ ਮਾਰਗ ਸੀ। ਇਸਲਾਮ ਦੇ ਪ੍ਰਭਾਵ ਨਾਲ ਸਮਾਜਿਕ ਸਮਾਨਤਾ ਤਾਂ ਇਹਨਾਂ ਸੂਫ਼ੀਆਂ ਅੰਦਰ ਘਰ ਕਰ ਗਈ ਸੀ, ਮਗਰ ਇਹਨਾਂ ਦੇ ਇਸਲਾਮ ਦਾ ਮੁਹਾਵਰਾ ਵੇਦਾਂਤਕ ਸੀ। 13ਵੀਂ ਸਦੀ ਦੇ ਆਰੰਭ 'ਚ ਹੀ ਤੁਰਕਾਂ ਦੀ ਹਿੰਦੁਸਤਾਨ 'ਚ ਆਮਦ ਨੇ ਸੂਫ਼ੀਆਂ ਦੇ ਚਿਸ਼ਤੀ ਸੰਪ੍ਰਦਾਇ ਨੇ ਆਪਣਾ ਪ੍ਰਸਾਰ ਕਰ ਲਿਆ ਸੀ। ਸ਼ੇਖ਼ ਫ਼ਰੀਦੁਦੀਨ ਔਲੀਆ ਨੇ ਮੁਲਤਾਨ ਦੇ ਲਾਗੇ ਪਾਕਪਟਨ 'ਚ ਡੇਰੇ ਲਾਏ ਹੋਏ ਸਨ। ਅਸਲ 'ਚ ਪੰਜਾਬ 'ਚ ਜੰਮੇ ਪਲੇ ਇਹ ਪੰਜਾਬੀ ਸੂਫ਼ੀ ਸਨ। ਹਜ਼ਰਤ ਨਿਜ਼ਾਮੁਦੀਨ ਔਲੀਆ ਨੇ ਦਿੱਲੀ ਅਤੇ ਹਜ਼ਰਤ ਮੁਇਨੁਦੀਨ ਚਿਸ਼ਤੀ ਨੇ ਅਜਮੇਰ ਨੂੰ ਆਪਣਾ ਮੁਕਾਮ ਬਣਾਇਆ ਸੀ। ਤੁਰਕਾਂ ਦਾ ਇਸਲਾਮ ਵੀ ਅਰਬੀ ਇਸਲਾਮ ਦੇ ਮੁਕਾਬਲੇ ਸੂਫ਼ੀਵਾਦੀ ਪ੍ਰਭਾਵ ਵਿਚ ਸੀ ਮਗਰ ਸ਼ੂਦਰਾਂ ਅਤੇ ਕਬੀਲਿਆਂ ਨੂੰ ਸਮਾਜਿਕ ਬਰਾਬਰੀ ਦੇ ਆਕਰਸ਼ਨ ਅਤੇ ਗੱਲਬਾਤ ਕਰਨ ਦੀ ਆਜ਼ਾਦੀ ਨੇ ਮਾਨਸਿਕ ਸ਼ਕਤੀ ਪ੍ਰਦਾਨ ਕਰ ਦਿੱਤੀ ਸੀ, ਬ੍ਰਾਹਮਣਵਾਦੀ ਵਰਣ ਵਿਵਸਥਾ ਦੇ ਦਮਨਕਾਰੀ ਸਮਾਜ-ਆਰਥਿਕ ਨਾਬਰਾਬਰੀ 'ਚ ਫਸੇ ਲੋਕਾਂ ਨੂੰ ਇਹ ਇਕ 'ਚਮਤਕਾਰੀ' ਅਨੁਭਵ ਹੋਇਆ ਹੋਵੇਗਾ। ਸੰਤ ਨਾਮਦੇਵ ਤੋਂ ਬਾਬਾ ਨਾਨਕ ਤੱਕ ਬ੍ਰਾਹਮਣਿਕ ਕਰਮਕਾਂਢਾਂ ਅਤੇ ਸਮਾਜਿਕ ਅਸਮਾਨਤਾ ਦੀ ਅਵਤਾਰਵਾਦੀ ਵਿਚਾਰਧਾਰਾ ਨੂੰ ਕਟਿਹਰੇ 'ਚ ਖੜ੍ਹਾ ਕਰਨ ਵਾਲੀਆਂ ਅਦਬੀ ਹਸਤੀਆਂ ਇਸੇ ਯੁੱਗ 'ਚ ਪੈਦਾ ਹੋਈਆਂ ਸਨ।

ਬਹੁਤ ਸਾਰੇ ਵਿਦਵਾਨ ਇਸਲਾਮ ਦੇ ਵਿਚਾਰਕ ਪਤਨ ਦਾ ਕਾਰਨ ਕਬੀਲਿਆਂ ਨੂੰ ਏਕਤਾਬੱਧ ਕਰਦਿਆਂ ਹੋਇਆ ਇਸਲਾਮ ਦਾ ਪੁਰਾਣੀਆਂ ਸੰਸਕ੍ਰਿਤੀਆਂ ਦੇ ਸਮਾਜਾਂ ਅੰਦਰ ਆ ਵੜਨਾ ਮੰਨਦੇ ਹਨ ਜਿੱਥੇ ਪੁਰਾਤਨ ਸਾਮੰਤੀ ਵਿਵਸਥਾ ਨੇ ਮਨੁੱਖਾਂ ਨੂੰ ਵਿਚਾਰਧਾਰਾ ਦਾ ਦਾਸ ਬਣਾ ਲਿਆ ਹੋਇਆ ਸੀ। ਭਾਰਤ ਅਤੇ ਇਰਾਨ ਵਰਗੇ ਸਮਾਜਾਂ ਦੇ ਅੰਦਰ ਵੜਦਿਆਂ ਅਰਬੀ ਇਸਲਾਮ ਦੀ ਧਾਰਾ ਵੇਦਾਂਤਕ ਵਿਚਾਰਧਾਰਾ ਦੇ ਸੂਫ਼ੀਵਾਦੀ ਅਮਲ 'ਚ ਵਿਲੀਨ ਹੋ ਗਈ। ਰਾਹੁਲ ਸੰਕ੍ਰਿਤਯਾਅਨ ਨੇ ਇਸ ਬਾਰੇ ਕਿਹਾ ਹੈ ਕਿ, "ਜਿਵੇਂ ਹੀ ਇਸਲਾਮ ਕਬੀਲਿਆਂ ਤੋਂ ਅਗਲੀ ਪਾਉੜੀ 'ਤੇ ਰਹਿਣ ਵਾਲੇ ਸਾਮੰਤਸ਼ਾਹੀ ਮੁਲਕਾਂ ਦੇ ਸੰਪਰਕ 'ਚ ਆਇਆ ਉਦੋਂ ਹੀ ਉਸਦੀ ਤਲਵਾਰ ਦੇ ਸਾਹਮਣੇ ਇਹਨਾਂ ਦੀ ਰਾਜਨੀਤਕ ਆਜ਼ਾਦੀ ਅਲੋਪ ਹੋ ਗਈ, ਉਸੇ ਤਰ੍ਹਾਂ ਉਹਨਾਂ ਦੇ ਸੰਪਰਕ 'ਚ ਆਉਂਦਿਆਂ ਹੀ ਇਸਲਾਮੀ ਸਮਾਜ ਦੇ ਕਬੀਲੇਪਨ ਦਾ ਸਰੂਪ ਖਤਮ ਹੋ ਗਿਆ। ਇਸਲਾਮ ਦਾ ਪ੍ਰਧਾਨ ਸ਼ਾਸਕ ਕਿੰਨੇ ਹੀ ਸਮੇਂ ਤੱਕ ਸਿਰਫ਼ ਉਹਨਾਂ ਦੇ ਸੰਸਥਾਪਕ ਦਾ ਖ਼ਲੀਫ਼ਾ ਉਤਰਾਧਿਕਾਰੀ ਕਿਹਾ ਜਾਂਦਾ ਸੀ, ਭਾਵੇਂ ਉਹ ਸੁਲਤਾਨ ਨਿਰੰਕੁਸ਼ ਰਾਜਾ ਹੁੰਦਾ। ਮਗਰ ਹੁਣ ਤਾਂ ਨਾਂ ਤੋਂ ਹੀ ਸੁਲਤਾਨ ਕਹਾਉਣ ਵਾਲੇ ਅਨੇਕਾਂ ਪ੍ਰਗਟ ਹੋ ਗਏ ਸਨ, ਜਿਹਨਾਂ ਨੂੰ ਇਸਲਾਮ ਦੇ ਪਵਿੱਤਰ ਕਬੀਲੇ, ਉਹਨਾਂ ਦੀ ਸਾਦਗੀ, ਬਰਾਬਰੀ, ਭਾਈਚਾਰੇ ਨਾਲ ਕੋਈ ਮਤਲਬ ਨਹੀਂ ਸੀ। ਲੇਕਨ ਨਵੇਂ ਮੁਲਕਾਂ ਨੂੰ ਜਿੱਤਣ ਲਈ ਤਲਵਾਰ ਚਲਾਉਣ ਵਾਲੇ ਸਿਪਾਹੀਆਂ ਦੀ ਜ਼ਰੂਰਤ ਸੀ ਅਤੇ ਇਹ ਤਲਵਾਰ ਹੁਣ ਅਰਬੀ ਨਹੀਂ ਗ਼ੈਰ-ਅਰਬੀ ਸੀ।" ਭਾਵ ਪੈਗ਼ੰਬਰੇ ਅਰਬੀ ਦੇ ਮਿਸ਼ਨ ਤੋਂ ਸੱਖਣੀ ਇਹ ਤਲਵਾਰ ਰਾਜ ਲਈ ਕੇਵਲ ਨਵੇਂ ਖੇਤਰਾਂ ਦੀ ਭਾਲ ਸੀ। ਮੁਹੰਮਦ ਹਬੀਬ ਦੇ ਵਿਚਾਰ ਵੀ ਰਾਹੁਲ ਦਾ ਸਮਰਥਨ ਹੀ ਨਜ਼ਰ ਆਉਂਦੇ ਹਨ, "ਮੁਸਲਮਾਨਾਂ ਦੀ ਪ੍ਰਗਤੀ 13ਵੀਂ ਸਦੀ ਦੀ ਪਹਿਲੀ ਚੌਥਾਈ ਤੱਕ ਆਪਣੇ ਚਰਮ ਸਿਖਰ 'ਤੇ ਪਹੁੰਚ ਚੁੱਕੀ ਸੀ। ਉਸ ਤੋਂ ਬਾਅਦ ਤਾਂ ਚਿੰਤਨ ਅਤੇ ਸੱਭਿਆਚਾਰ ਦੀਆਂ ਸਮਾਜ ਦੁਆਰਾ ਨਿਰਧਾਰਤ ਹੱਦਾਂ ਦੇ ਅੰਦਰ ਆਪਣੇ ਤਮਾਮ ਵਿਰੋਧੀਆਂ ਉੱਪਰ ਜਿੱਤ ਪ੍ਰਾਪਤ ਕਰ ਚੁੱਕੇ ਰੂੜੀਵਾਦੀ ਧਰਮਸ਼ਾਸਤਰਾਂ ਦੁਆਰਾ ਜੋੜ ਦਿੱਤੀਆਂ ਜਾ ਰਹੀਆਂ ਸੀਮਾਵਾਂ ਦੇ ਅੰਦਰ ਹੋਰ ਅੱਗੇ ਪ੍ਰਗਤੀ ਸੰਭਵ ਵੀ ਨਹੀਂ ਸੀ.. ਚਿੰਤਨ 'ਚ ਕਿਸੇ ਯਥਾਰਥਵਾਦੀ ਅਗਾਂਹਵਧੂ ਸੰਭਾਵਨਾ ਦਾ ਸਵਾਲ ਹੀ ਨਹੀਂ ਉੱਠਦਾ ਸੀ।" ਮੁਹੰਮਦ ਹਬੀਬ ਨੇ ਵੀ ਇਹਨਾਂ ਪੁਰਾਤਨ ਸਮਾਜਾਂ ਦੇ ਰੂੜੀਵਾਦੀ ਧਰਮਸ਼ਾਸਤਰ 'ਚ ਫਸੇ ਮੁਸਲਮਾਨਾਂ ਨੂੰ ਚਿੰਤਨੀ ਪ੍ਰਗਤੀ ਤੋਂ ਬਾਹਰ ਹੀ ਸਮਝਣ ਦਾ ਯਤਨ ਕੀਤਾ ਹੈ ਅਤੇ ਇਸ ਸੂਫ਼ੀਵਾਦੀ ਧਰਮਸ਼ਾਸਤਰ ਦੇ ਸਾਹਿਤ ਦੇ ਲੰਬੇ ਚੌੜੇ ਤੱਥਾਂ ਰਾਹੀਂ ਉਹਨਾਂ ਨੂੰ ਰੂੜੀਵਾਦ 'ਚ ਗ੍ਰਸਤ ਹੁੰਦੇ ਵੇਖਿਆ ਹੈ। ਅਸੀਂ ਮੁਹੰਮਦ ਹਬੀਬ ਦੇ ਲੇਖ 'ਸਲਤਨਤ ਕਾਲ ਦੇ ਚਿਸ਼ਤੀਆ ਸੂਫ਼ੀ

ਦਸਤਾਵੇਜ' ਤੋਂ ਕੁਝ ਉਦਾਹਰਨਾਂ ਰਾਹੀਂ ਸਲਤਨਤ ਕਾਲ ਦੇ ਫ਼ਿਰੋਜ਼ਸ਼ਾਹ ਤੋਂ ਸ਼ੁਰੂ ਹੋਏ ਆਰਥਿਕ ਅਤੇ ਪ੍ਰਸਾਸ਼ਨਿਕ ਨਿਘਾਰ ਤੋਂ ਬਾਅਦ ਸੂਫ਼ੀਆਂ ਨੂੰ ਅੰਧਵਿਸਵਾਸ਼ ਭਰੇ ਰੂੜੀਵਾਦਤਾ ਨੇ ਘੇਰ ਲਿਆ ਵੇਖਦੇ ਹਾਂ ਜਿਸਦਾ ਇਹ ਸਰੂਪ ਸਲਤਨਤ ਕਾਲ ਦੀ ਪ੍ਰਗਤੀ ਵੇਲੇ ਨਜ਼ਰ ਨਹੀਂ ਆ ਰਿਹਾ ਸੀ, 'ਹੁਣ ਫ਼ਿਰੋਜ਼ਸ਼ਾਹ ਦੀ ਆਮਦ ਤੋਂ ਬਾਅਦ ਸਭ ਕੁਝ ਪਹਿਲਾਂ ਨਾਲੋਂ ਬਦਤਰ ਹੋ ਗਿਆ ਸੀ। ਜਨਤਾ ਹੁਣ ਸਰਕਾਰ ਦੇ ਬੇਜ਼ਮੀਰੇ ਹਾਕਮਾਂ ਦੇ ਰਹਿਮੋ-ਕਰਮ 'ਤੇ ਸੀ ਅਤੇ ਮਜ਼ਬੂਰ ਸੀ। ਹਰ ਚੀਜ਼ ਤੇਜ਼ੀ ਨਾਲ ਪਤਨ ਵੱਲ ਵਧ ਰਹੀ ਸੀ।' 'ਖ਼ੈਰੁਲ ਮਜਾਲਿਸ' 'ਚ ਸ਼ੇਖ਼ ਨਸੀਰੂਦੀਨ ਨੇ 1353-54 ਦੀ ਵਾਰ-ਵਾਰ ਤੁਲਨਾ ਬਿਨਾਂ ਫ਼ਿਰੋਜ਼ਸ਼ਾਹ ਦਾ ਨਾ ਲਏ ਅਲਾਉਦੀਨ ਖ਼ਿਲਜੀ ਦੀ ਦਿੱਲੀ ਨਾਲ ਕੀਤੀ ਹੈ, "ਜਦੋਂ ਕੜਾਕੇ ਦੀ ਠੰਡ 'ਚ ਹਰ ਭਿਖਾਰੀ ਦੇ ਕੋਲ ਆਪਣੀ ਰਜਾਈ ਹੁੰਦੀ ਸੀ ਕੁਝ ਦੇ ਕੋਲ ਤਾਂ ਦੋ ਰਜਾਈਆਂ ਵੀ ਹੁੰਦੀਆਂ ਸਨ।" ਇਸੇ ਲਈ ਹਬੀਬ ਕਹਿੰਦਾ ਹੈ ਕਿ, "ਦਿੱਲੀ ਦੇ ਬਦਨਸੀਬ ਨਾਗਰਿਕ, ਜਿਨ੍ਹਾਂ 'ਚੋਂ ਹਰੇਕ ਦੇ ਕੋਲ ਦੁੱਖਾਂ, ਤਕਲੀਫ਼ਾਂ ਅਤੇ ਗ਼ੁਰਬਤ ਦੀ ਆਪਣੀ 'ਕਹੀ ਜਾਂ ਅਣਕਹੀ' ਕਹਾਣੀ ਸੀ, ਸ਼ੇਖ਼ ਦੇ ਜ਼ਮਾਇਤਖ਼ਾਨੇ 'ਚ ਭੀੜ ਲਗਾਈ ਰੱਖਦੇ ਸਨ ਤਾਂ ਕਿ ਜੋ ਵੀ ਅਧਿਆਤਮਕ ਸ਼ਕਤੀ ਉਹਨਾਂ ਕੋਲੋਂ ਮਿਲੇ, ਉਸਨੂੰ ਪ੍ਰਾਪਤ ਕਰ ਲੈਣ।" ਰੂਹਾਨੀਅਤ ਦੇ ਆਸਥਾ ਭਰੇ ਸੂਫ਼ੀਵਾਦ ਕੋਲ ਲੌਕਿਕ ਦੁੱਖਾਂ ਦੀ ਬਿੱਜ ਆ ਪੈਣ 'ਤੇ ਨਿਕਲਣ ਦਾ ਕੋਈ ਰਾਹ ਨਹੀਂ ਸੀ ਤਾਂ ਇਸ ਸੂਫ਼ੀਵਾਦੀ ਆਸਥਾ ਦਾ ਭਗਤੀ 'ਚ ਵਟ ਜਾਣਾ ਸੁਭਾਵਿਕ ਸੀ ਅਤੇ ਭਗਤੀ ਨੇ ਅੰਧ ਵਿਸਵਾਸ਼ ਭਰੀਆਂ ਕਰਾਮਾਤਾਂ ਦੀਆਂ ਕਹਾਣੀਆਂ ਅਤੇ ਮੰਤਰਾਂ ਦੇ ਉਚਾਰਨ ਦਾ ਹੜ ਲਿਆਉਣਾ ਹੀ ਸੀ ਤਾਂ ਜੋ ਜਨਤਾ ਦੁੱਖਾਂ ਚੋਂ ਨਿਕਲਣ ਦੇ ਕਰਾਮਾਤੀ ਸੁਪਨਿਆਂ ਦੀ ਭਗਤੀ ਕਰੇ। ਅਜਿਹੇ ਸਮੇਂ ਨੇ ਭਾਰਤੀ ਇਸਲਾਮ ਨੂੰ ਤਰਕ ਵਿਰੋਧੀ ਸ਼ਰੀਅਤ ਦੇ ਰਾਹੇ ਤੋਰਦਿਆਂ ਚਿੰਤਨੀ ਨਿਘਾਰ 'ਚ ਫਸ ਜਾਣ ਦਾ ਰਾਹ ਖੋਲ੍ਹਿਆ ਜਿਵੇਂ ਹਜ਼ਰਤ ਬਾਹੂ, ਬੁੱਲ੍ਹੇ ਸ਼ਾਹ, ਵਾਰਿਸ਼ ਸ਼ਾਹ ਆਦਿ ਦੀ ਵਾਣੀ ਵੀ ਇਸ ਵਿਚਾਰ ਦਾ ਸਮਰਥਨ ਕਰਦੀ ਹੈ।

ਮੁਹੰਮਦ ਹਬੀਬ ਦਾ ਮੰਨਣਾ ਹੈ ਕਿ ਦਸਵੀਂ ਸਦੀ ਦੇ ਸ਼ੁਰੂ 'ਚ ਜਿਹੜੇ ਬਾਰਾਂ ਸੂਫ਼ੀ ਸਿਲਸਿਲੇ ਦਿਖਾਈ ਦਿੰਦੇ ਸਨ, 13ਵੀਂ ਸਦੀ ਦੇ ਆਰੰਭ ਤੱਕ ਇਹ ਦੋ ਵਿਰੋਧੀ ਗੁੱਟਾਂ 'ਚ ਸਮੂਹਬੱਧ ਹੋ ਚੁੱਕੇ ਸਨ। ਸ਼ੇਖ ਮੁਹੱਈਉਦੀਨ ਇਬਨੇ-ਅਰਬੀ ਦੀ ਕਿਤਾਬ 'ਫ਼ੁਸੁਸਲ ਹਿਕਮ' ਅਤੇ ਸ਼ੇਖ ਸ਼ਹਾਬੁਦੀਨ ਸੁਹਰਾਵਰਦੀ ਦੀ ਕਿਤਾਬ 'ਅਵਾਰਿਫ਼ੁਲ-ਮਆਰਿਫ਼' ਦੋਹਾਂ ਸ਼ਾਸਤਰੀ ਪਾਠ ਪੁਸਤਕਾਂ ਨੂੰ ਬਰਾਬਰ ਦੀ ਮਾਨਤਾ ਮਿਲ ਰਹੀ ਸੀ, "ਭਾਰਤ 'ਚ ਸਲਤਨਤ ਕਾਲ ਦੇ ਦੌਰਾਨ ਇਬਨੇ-ਅਰਬੀ ਦੇ ਦਰਸ਼ਨ ਦਾ ਕੋਈ ਮਹੱਤਵ ਨਹੀਂ ਰਿਹਾ; ਭਾਰਤ ਅਜੇ ਵੀ ਪੂਰੀ ਤਰ੍ਹਾਂ ਅਵਾਰਿਫ਼ ਦੇ ਪ੍ਰਭਾਵ ਖੇਤਰ 'ਚ ਸੀ ਜਿਹੜਾ ਮੁਲਾਣਿਆਂ ਦਾ ਨਹੀਂ ਸਗੋਂ ਸੂਫ਼ੀਆਂ ਦੇ ਰੂੜੀਵਾਦ ਦਾ ਪਾਠ ਗ੍ਰੰਥ ਸੀ। ਇਕ ਭਰੀ ਪੂਰੀ ਪ੍ਰਣਾਲੀ ਦੀ ਸ਼ਕਲ 'ਚ ਮੁਸਲਿਮ ਸੂਫ਼ੀਵਾਦ ਭਾਰਤ 'ਚ 13ਵੀਂ ਦੇ ਆਰੰਭ 'ਚ ਜਾਂ ਸੰਭਵ ਹੈ ਕਿ ਉਸ ਤੋਂ ਵੀ ਇਕ ਸਦੀ ਬਾਅਦ ਲਿਆਂਦਾ ਗਿਆ। ਸੂਫ਼ੀ ਚਿੰਤਨ 'ਚ ਭਾਰਤ ਨੇ ਕੁਝ ਵੀ ਠੋਸ ਨਹੀਂ ਜੋੜਿਆ, ਕਿਉਂਕਿ ਉਸ 'ਚ ਕੁਝ ਠੋਸ ਜੋੜਨ ਦੀ ਸੰਭਾਵਨਾ ਹੀ ਨਹੀਂ ਸੀ।" ਹਜ਼ਰਤ ਨਿਜ਼ਾਮੁਦੀਨ ਔਲੀਆ ਦੇ ਪ੍ਰਵਚਨਾਂ ਦੀ ਕਿਤਾਬ 'ਫ਼ਵਾਇਦੁਲ-ਫ਼ਵਾਦ' ਅਮੀਰ ਹਸਨ ਸਿੱਜ਼ੀ ਦੁਆਰਾ ਜਨਵਰੀ 1322 ਨੂੰ ਮੁਕੰਮਲ ਕੀਤੀ ਗਈ, "ਐਤਵਾਰ, 3 ਸ਼ਾਬਾਨ 707 ਹਿਜ਼ਰੀ (ਜਨਵਰੀ 1307) ਨੂੰ ਅਮੀਰ ਹਸਨ ਸਿੱਜ਼ੀ ਨੇ ਗ਼ਯਾਸਪੁਰ 'ਚ ਸ਼ੇਖ਼ ਨਿਜ਼ਾਮੁਦੀਨ ਔਲੀਆ ਨਾਲ ਮੁਲਾਕਾਤ ਕੀਤੀ ਅਤੇ ਉਸ ਦਿਨ ਉਸਨੇ ਸ਼ੇਖ਼ ਦੇ ਮੂੰਹ ਤੋਂ ਜੋ ਕੁਝ ਵੀ ਸੁਣਿਆ, ਘਰ ਵਾਪਿਸ ਪਰਤਣ ਤੋਂ ਬਾਅਦ ਉਸਦਾ ਖੁਲਾਸਾ ਲਿਖਣ ਦਾ ਫ਼ੈਸਲਾ ਕੀਤਾ।" ਇਸ ਤਰ੍ਹਾਂ ਬਹੁਤ ਸਾਰੀਆਂ ਮਜ਼ਲਿਸਾਂ ਦੇ ਖੁਲਾਸੇ ਕਿਤਾਬ ਦੇ ਰੂਪ 'ਚ ਢਲਣ ਲੱਗੇ ਜਿਸ 'ਚ ਹਜ਼ਰਤ ਔਲੀਆ ਦੁਆਰਾ ਵਰਣਿਤ ਜ਼ਿੰਦਗੀਨਾਮਾ ਸੂਫ਼ੀ ਸਿੱਖਿਆਵਾਂ ਸ਼ਾਮਿਲ ਸਨ। ਜਦੋਂ ਕਿਤਾਬ ਦਾ ਬਹੁਤਾ ਹਿੱਸਾ ਲਿਖਿਆ ਜਾ ਚੁੱਕਾ ਸੀ ਤਾਂ ਹਜ਼ਰਤ ਔਲੀਆ ਨੇ ਇਸ ਨੂੰ ਪੜ੍ਹਿਆ ਤਾਂ ਉਹਨਾਂ ਨੇ ਖੱਪਿਆਂ ਨੂੰ ਆਪ ਭਰਿਆ ਜਿਸਨੂੰ ਫੜਨ 'ਚ ਸਿੱਜ਼ੀ ਨਾਕਾਮ ਰਿਹਾ ਸੀ। ਸੁਹਰਾਵਰਦੀ ਬਹੁਤ ਕਿਤਾਬਾਂ ਲਿਖ ਚੁੱਕੇ ਸਨ, ਮਗਰ 'ਫ਼ਵਾਇਦੁਲ ਫ਼ਵਾਦ' ਮੁਤਾਬਿਕ ਹਜ਼ਰਤ ਔਲੀਆ ਦੇ ਕਹਿਣ ਅਨੁਸਾਰ ਚਿਸ਼ਤੀਆਂ ਨੇ ਨਾ ਤਾਂ ਕੋਈ ਕਿਤਾਬ ਲਿਖੀ ਸੀ ਅਤੇ ਨਾ ਹੀ ਮੱਕੇ ਜਾ ਕੇ ਹੱਜ ਕੀਤਾ ਸੀ। ਸਿੱਜ਼ੀ ਦੁਆਰਾ ਲਿਖੀ ਚਿਸ਼ਤੀਆਂ ਬਾਰੇ ਇਹ ਪਹਿਲੀ ਕਿਤਾਬ ਸੀ। ਦੂਸਰੀ ਕਿਤਾਬ ਹਮੀਰ ਕਲੰਦਰ ਦੀ 'ਖੈਰੁਲ-ਮਜਾਲਿਸ' ਹੈ ਜਿਸ 'ਚ ਸ਼ੇਖ਼ ਨਸੀਰੂਦੀਨ ਦੀਆਂ ਸੌ ਮਲਫ਼ੂਜਾਤ (ਪ੍ਰਵਚਨਾਂ) ਨੂੰ 1354-55 'ਚ ਦਰਜ਼ ਕੀਤਾ ਗਿਆ। ਸ਼ੇਖ਼ ਨਸੀਰੂਦੀਨ ਦੇ ਪੀਰ ਸ਼ੇਖ਼ ਔਲੀਆ ਸਨ ਅਤੇ ਹਮੀਰ ਕਲੰਦਰ ਸ਼ੇਖ਼ ਔਲੀਆ ਦੇ ਮੁਰੀਦ ਸਨ। ਹਮੀਰ ਕਲੰਦਰ ਨੇ ਜਦੋਂ ਸ਼ੇਖ਼ ਨਸੀਰੂਦੀਨ ਦੀਆਂ ਮਲਫ਼ੂਜਾਤ ਦਰਜ਼ ਕਰਨ ਦੀ ਪੇਸਕਸ਼ ਕੀਤੀ ਤਾਂ ਉਹ ਉਸਦੀ ਇਕ ਅਧੂਰੀ ਕਿਤਾਬ ਦੀ ਲੇਖਣੀ ਤੋਂ ਏਨੇ ਪ੍ਰਭਾਵਤ ਹੋਏ ਕਿ ਇਨਕਾਰ ਨਾ ਕਰ ਸਕੇ ਅਤੇ ਆਪਣੇ ਸਮੇਤ ਪੀਰ ਔਲੀਆ ਦੀਆਂ ਸਿੱਖਿਆਵਾਂ ਨੂੰ ਦਰਜ਼ ਕਰਨ ਦੀ ਸਹਿਮਤੀ ਦੇ ਦਿੱਤੀ। ਅਗਰ ਹਮੀਰ ਕਲੰਦਰ ਦੀ ਮਰਜ਼ੀ ਮੁਤਾਬਿਕ ਮਲਫ਼ੂਜਾਤ ਦਰਜ਼ ਹੁੰਦੀਆਂ ਤਾਂ ਘਾਲਮੇਲ ਹੋ ਜਾਣਾ ਸੰਭਵ ਸੀ ਇਸ ਲਈ ਸ਼ੇਖ਼ ਨਸੀਰੂਦੀਨ ਨੇ ਉਸ ਦੀਆਂ ਸੀਮਾਵਾਂ ਮਿਥ ਦਿੱਤੀਆਂ ਅਤੇ ਹਮੀਦ ਨੂੰ ਚਮਤਕਾਰ ਘੜਨ ਜਾਂ ਚਾਪਲੂਸੀ ਕਰਨ ਤੋਂ ਸਖਤੀ ਨਾਲ ਰੋਕ ਦਿੱਤਾ, "ਸ਼ੇਖ਼ ਨਸੀਰੂਦੀਨ ਨੇ ਆਪਣੇ ਨਫ਼ਸ ਨੂੰ ਇਸ ਕਦਰ ਮਾਰ ਰੱਖਿਆ ਹੈ ਕਿ ਜੇ ਮੈਂ ਉਹਨਾਂ ਨੂੰ ਸ਼ੇਖ਼ ਕਹਿੰਦਾ ਹਾਂ ਤਾਂ ਚਿੜਦੇ ਹਨ ਅਤੇ ਜੇ ਉਹਨਾਂ ਨਾਲ ਕੋਈ ਚਮਤਕਾਰ ਜੋੜਾਂ ਤਾਂ ਲੋਹੇ-ਲਾਖੇ ਹੋ ਜਾਂਦੇ ਹਨ।" ਹਮੀਰ ਕਲੰਦਰ ਦੀ ਟਿੱਪਣੀ ਦੱਸਦੀ ਹੈ ਕਿ ਬਾਅਦ ਦੀਆਂ ਕਿਤਾਬਾਂ 'ਚ ਚਮਤਕਾਰ ਅਤੇ ਚਾਪਲੂਸੀ ਕਵੀਸ਼ਰਾਂ ਦੇ ਕਿੱਸੇ ਹਨ। ਚਿਸ਼ਤੀਆਂ ਦੇ ਮਲਫ਼ੂਜਾਤ 'ਚ ਅਜਿਹੇ ਚਮਤਕਾਰਾਂ ਦੇ ਕਿੱਸੇ ਤਕਰੀਬਨ ਸਦੀ ਬਾਅਦ ਹੋਂਦ 'ਚ ਆਏ। ਅਮੀਰ ਖ਼ੁਰਦ ਦੀ 'ਸਿਆਰੁਲ ਔਲੀਆ' ਭਾਵੇਂ ਹਮੀਰ ਕਲੰਦਰ ਦੀ 'ਖ਼ੈਰੁਲ ਮਜ਼ਾਲਿਸ' ਦੇ ਆਸਪਾਸ ਲਿੱਖੀ ਗਈ ਪਰ ਚਮਤਕਾਰਾਂ ਦੀ ਸ਼ੁਰੂਆਤ ਇਸ ਵਿਚ ਹੋ ਗਈ। ਅਮੀਰ ਖੁਰਦ ਇਕ ਪਾਸੇ ਕਹਿੰਦਾ ਹੈ ਕਿ, "ਮਹਾਨ ਚਿਸ਼ਤੀ ਸ਼ੇਖ਼ਾਂ 'ਚੋਂ ਕੋਈ ਵੀ ਹੱਜ 'ਤੇ ਨਹੀਂ ਗਿਆ ਸੀ।" ਪਰ ਫਿਰ ਵੀ ਉਹ ਸਾਨੂੰ ਵਿਸ਼ਵਾਸ ਕਰਾਉਣਾ ਚਾਹੁੰਦਾ ਹੈ ਕਿ, "ਇਕ ਉੱਡਣ ਵਾਲਾ ਊਠ ਹਰ ਰਾਤ ਸ਼ੇਖ਼ ਨਿਜ਼ਾਮੁਦੀਨ ਔਲੀਆ ਦੀ ਬਾਰੀ ਕੋਲ ਆਉਂਦਾ ਸੀ, ਉਹਨਾਂ ਨੂੰ ਮੱਕਾ ਮੁਅੱਜ਼ਮਾਂ

ਲੈ ਜਾਂਦਾ ਸੀ ਅਤੇ ਉਹਨਾਂ ਨੂੰ ਸੇਹਰੀ (ਸਵੇਰ ਦੀ ਕਿਰਣ ਚੜ੍ਹਨ ਤੋਂ ਪਹਿਲਾਂ ਦਾ ਭੋਜਨ) ਲਈ ਵਾਪਿਸ ਪਹੁੰਚਾ ਦਿੰਦਾ ਸੀ।'' ਇਸ ਤਰ੍ਹਾਂ ਚਿਸ਼ਤੀ ਸੂਫ਼ੀ ਚਮਤਕਾਰਾਂ ਦੀ ਨੀਂਹ ਅਮੀਰ ਖ਼ੁਰਦ ਨੇ 13ਵੀਂ ਸਦੀ ਦੇ ਅੱਧ 'ਚ ਰੱਖੀ। ਬਹੁਤ ਸਾਰੀਆਂ ਕਿਤਾਬਾਂ ਨੂੰ ਜੇ ਅਮੀਰ ਹਸਨ ਅਤੇ ਹਮੀਦ ਕਲੰਦਰ ਦੁਆਰਾ ਦਰਜ਼ ਹਜ਼ਰਤ ਔਲੀਆ ਦੇ ਮਲਫ਼ੂਜਾਤ  ਨਾਲ ਤੁਲਨਾਇਆ ਜਾਵੇ ਤਾਂ ਪੂਰੀਆਂ ਝੂਠੀਆਂ ਕਹਾਣੀਆਂ ਚਮਤਕਾਰਾਂ, ਕਰਾਮਾਤਾਂ ਦਾ ਮਹੱਲ ਖੜ੍ਹਾ ਕਰ ਦਿੱਤਾ ਗਿਆ। ਇਹਨਾਂ ਬਹੁਤ ਸਾਰੀਆਂ ਸੂਫ਼ੀ ਮਲਫ਼ੂਜ਼ਾਤ ਅਤੇ ਚਮਤਕਾਰਾਂ ਉੱਪਰ ਲਿਖੇ ਕਿੱਸਿਆ 'ਤੇ ਕਿਸੇ ਲੇਖਕ ਦਾ ਨਾਮ ਵੀ ਦਰਜ਼ ਨਹੀਂ ਹੈ। ਮਨਘੜ੍ਹੰਤ ਕਥਾਵਾਂ, ਚਮਤਕਾਰਾਂ ਦਾ ਆਨੰਦ ਇਕ ਪੂਰੀ ਵਿਚਾਰਧਾਰਕ ਪੈਰਵੀ ਬਣ ਗਿਆ ਭਾਵੇਂ ਇਸਦਾ ਮਕਸਦ ਹੋ ਸਕਦਾ ਵਿਚਾਰਧਾਰਕ ਨਾ ਹੋਵੇ। ਕੁਰਾਨ ਦੀਆਂ ਵੱਖ-ਵੱਖ ਆਇਤਾਂ ਪੜ੍ਹਨ 'ਤੇ ਮਿਲਣ ਵਾਲੇ ਸਵਾਬਾਂ ਦੇ ਹੜ੍ਹ ਨੇ ਅਰਬੀ ਤਸਵੁਫ਼ ਨੂੰ ਬੁੱਤ-ਪ੍ਰਸਤੀ 'ਚ ਰੋਲ ਦਿੱਤਾ। ਸ਼ਰੀਅਤ ਨੂੰ ਭਾਰਤ 'ਚ ਪੱਕਿਆਂ ਕਰਨ ਵਾਲੇ ਸੂਫ਼ੀਆਂ ਦਾ ਵਿਰੋਧ ਕਰਨ ਵਾਲੇ ਕਾਦਰੀ ਅਜਿਹੀ ਬਕਵਾਸ ਦੇ ਵਿਰੁੱਧ ਬਗ਼ਾਵਤ ਦਾ ਝੰਡਾ ਗੱਡਦੇ ਹਨ ਜੋ ਪੁਰਾਤਨ ਇਸਲਾਮਿਕ ਤਾਰਕਿਕ ਕਿਤਾਬਾਂ ਨੂੰ ਹਾਸਿਲ ਕਰਕੇ ਚਕਾਚੌਂਦ ਹੋ ਗਏ ਹੋਣਗੇ, ਜਿੱਥੇ ਅਰਬੀ ਇਸਲਾਮ ਦੇ ਸੂਰਜ ਦੀ ਇਕ ਕਿਰਨ ਵੀ ਆਮ ਮੁਸਲਮਾਨ ਤੱਕ ਪਹੁੰਚਣ ਤੋਂ ਰੋਕ ਦਿੱਤੀ ਗਈ ਸੀ। ਇਹਨਾਂ ਕਿਤਾਬਾਂ ਦੀਆਂ ਕੁਝ ਕੁ ਔਰਾਦ/ਮੰਤਰਾਂ ਨੂੰ ਜੇਰ-ਏ-ਗੌਰ ਕਰਦੇ ਹਾਂ। 'ਅਫ਼ਜ਼ਾਲੁਲ-ਫ਼ਵਾਇਦ' 'ਚ ਹਜ਼ਰਤ ਨਿਜ਼ਾਮੁਦੀਨ ਔਲੀਆ ਅਜਿਹੇ ਨੁਸਖੇ ਦੱਸ ਰਹੇ ਹਨ, ਜਿਵੇਂ ''ਹੁਣ ਤੱਕ ਹੋ ਚੁੱਕੇ ਹਰ ਫਰਿਸ਼ਤੇ ਨੂੰ ਸਾਲ ਭਰ ਦੀ ਇਬਾਦਤ ਦੇ ਮਿਲਣ ਵਾਲਾ ਸਵਾਬ (ਮਹਾਤਮ), ਜਮਾ 1000 ਯੋਧਿਆਂ, 1000 ਹਜ਼ਾਰ ਪੈਗ਼ੰਬਰਾਂ, 1000 ਸ਼ਹੀਦਾਂ ਨੂੰ ਮਿਲਣ ਵਾਲੇ ਸਵਾਬ। ਇਸ ਤੋਂ ਇਲਾਵਾ ਕਿਆਮਤ ਦੇ ਦਿਨ ਉਸਦੇ ਅਤੇ ਜਹੱਨਮ ਦੇ ਵਿਚ ਇਕ ਹਜ਼ਾਰ ਖੰਦਕਾਂ ਦੀ ਦੂਰੀ ਹੋਵੇਗੀ ਤੇ ਇਹਨਾਂ 'ਚੋਂ ਹਰ ਖੰਦਕ ਦੀ ਚੌੜਾਈ 500 ਸੌ ਵਰ੍ਹਿਆਂ 'ਚ ਤੈਅ ਹੋਣ ਵਾਲੀ ਦੂਰੀ ਦੇ ਬਰਾਬਰ ਹੋਵੇਗੀ। ਅੱਲਾਹ ਉਸ ਲਈ ਅੱਠਵੀਂ ਜੰਨਤ ਦਾ ਦਰਵਾਜ਼ਾ ਵੀ ਖੋਲ੍ਹੇਗਾ।

''ਜੋ ਆਦਮੀ ਇਸ ਮੰਤਰ ਨੂੰ ਪੜ੍ਹੇਗਾ, ਅੱਲਾਹ ਉਸਨੂੰ ਜੰਨਤ 'ਚ ਇਕ ਮਹਿਲ ਅਤਾ ਫ਼ਰਮਾਵੇਗਾ ਜਿਸ 'ਚ 70 ਹੂਰਾਂ ਹੋਣਗੀਆਂ; ਉਸਨੂੰ ਕੁਰਾਨ ਦੀ ਹਰ ਆਯਤ ਦੇ ਪਾਠ 'ਤੇ ਹਰ ਫ਼ਰਿਸ਼ਤੇ ਨੂੰ ਸਾਲ ਭਰ ਦੀ ਇਬਾਦਤ 'ਤੇ ਮਿਲਣ ਵਾਲੇ ਸਵਾਬ ਅਤੇ ਇਕ ਹਜ਼ਾਰ ਸ਼ਹੀਦਾਂ ਨੂੰ ਮਿਲਣ ਵਾਲੇ ਸਵਾਬ ਵੀ ਪ੍ਰਾਪਤ ਹੋਣਗੇ।'' ਅਜਿਹੇ ਔਰਾਦਾਂ ਦੀ ਭਾਰੀ ਗਿਣਤੀ ਨੇ ਪੈਗ਼ੰਬਰੇ ਅਰਬੀ (ਜੋ ਅਖਰੀ ਪੰਗੰਬਰ ਸਨ) ਦੀਆਂ ਸਿਖਿਆਵਾਂ ਪ੍ਰਤੀ ਇਕ ਵਾਰ ਵੀ ਗੌਰ ਨਹੀਂ ਕੀਤੀ ਕਿ ਕੁਰਾਨ ਦੀ ਕਠੋਰ ਇਕਈਸ਼ਵਰਵਾਦੀ ਸਿਖਿਆ ਅਜਿਹੇ ਪੁਰਾਨਿਕ ਮਹਾਤਮ/ਔਰਾਦ ਨੂੰ ਬੁੱਤਪ੍ਰਸਤੀ ਵਰਗਾ ਕੁਫ਼ਰ ਮੰਨਦੀ ਹੈ ਜਿਸਦਾ ਕੋਈ ਤਾਰਕਿਕ ਕਾਰਣ ਨਾ ਹੋਵੇ। ਇਹਨਾਂ ਮਨਘੜ੍ਹੰਤ ਸਾਖੀਆਂ, ਕਰਾਮਾਤਾਂ, ਔਰਾਦਾਂ ਦੀ ਫਹਿਰਿਸਤ ਮੱਧਕਾਲ ਅੰਦਰ ਪੈਦਾ ਹੋ ਚੁੱਕੀ ਸੀ, ਜਿਵੇਂ ਅਨੀਸੁਲ-ਅਵਰਾਹ, ਦਲੀਲੁਲ-ਆਰਿਫ਼ੀਨ, ਫ਼ਵਾਇਦੁਸ-ਸਾਲਿਕੀਨ, ਅਸਰਾਰੁਲ-ਔਲੀਆ, ਰਾਹਤੁਲ-ਕੁਲੂਬ, ਮਿਫ਼ਤਾਹੁਲ-ਆਸ਼ਿਕੀਨ ਆਦਿ ਬਹੁਤ ਸਾਰੀਆਂ ਕਿਤਾਬਾਂ ਹਨ, ਜਿਹਨਾਂ 'ਚ ਸ਼ੇਖ਼ ਮੁਇਨੁਦੀਨ, ਸ਼ੇਖ਼ ਫ਼ਰੀਦੁਦੀਨ ਨੂੰ ਮੱਕੇ ਹੱਜ ਕਰਨ ਅਤੇ ਵੱਖ-ਵੱਖ ਥਾਵਾਂ 'ਤੇ ਘੁੰਦਦੇ ਅਤੇ ਕਰਾਮਾਤਾਂ ਕਰਦੇ ਚਿੱਤਰਿਆ ਗਿਆ ਹੈ, ਜਦੋਂ ਕਿ ਫ਼ਵਾਇਦੁਲ-ਫ਼ਵਾਦ 'ਚ ਹਜ਼ਰਤ ਔਲੀਆ ਨੂੰ ਇਹ ਕਹਿੰਦੇ ਦਿਖਾਇਆ ਗਿਆ ਹੈ ਕਿ ਚਿਸ਼ਤੀਆਂ ਨੇ ਨਾ ਕੋਈ ਕਿਤਾਬ ਲਿਖੀ ਅਤੇ ਨਾ ਹੀ ਮੱਕੇ ਜਾ ਕੇ ਹੱਜ ਕੀਤੀ ਹੈ। ਮੁਹੰਮਦ ਹਬੀਬ ਇਸ ਬਾਰੇ ਆਖਦਾ ਹੈ, ''ਚਿਸ਼ਤੀਆਂ ਨੇ ਕੋਈ ਕਿਤਾਬ ਨਹੀਂ ਲਿਖੀ, ਸਗੋਂ ਉਹ ਅਵਾਰਿਫ਼ ਅਤੇ ਦੂਸਰੀਆਂ ਸੁਹਰਾਵਰਦੀ ਰਚਨਾਵਾਂ ਦੀ ਸਿੱਖਿਆ ਨਾਲ ਸੰਤੁਸ਼ਟ ਸਨ। ਉਹਨਾਂ ਦਾ ਉਦੇਸ਼ ਸੂਫ਼ੀਵਾਦ 'ਤੇ ਕਿਤਾਬਾਂ ਲਿਖਣਾ ਨਹੀਂ, ਸਗੋਂ ਉਹਨਾਂ ਅਨੁਸਾਰ ਜੀਵਨ ਬਤੀਤ ਕਰਨਾ ਸੀ ਅਤੇ ਇਸ ਬਾਰੇ 'ਚ ਉਹਨਾਂ ਨੇ ਆਪਣੇ ਸੁਹਰਾਵਰਦੀ ਮੁਕਾਬਲੇਦਾਰਾਂ ਉੱਪਰ ਸਚਮੁੱਚ ਸਫ਼ਲਤਾ ਹਾਸਿਲ ਕੀਤੀ। ਚਿਸ਼ਤੀਆਂ ਦੀ ਪਹਿਲੀ ਰਚਨਾ ਅਮੀਰ ਹਸਨ ਸਿੱਜ਼ੀ ਦੀ ਫ਼ਵਾਇਦੁਲ ਫ਼ਵਾਦ ਸੀ ਜੋ 13ਵੀਂ ਸਦੀ ਦੇ ਆਰੰਭ 'ਚ ਜਾ ਕੇ ਸਾਹਮਣੇ ਆਈ।'' ਸੂਫ਼ੀ ਸਰਗਰਮੀਆਂ ਅਤੇ ਭਗਤੀਵਾਦੀ ਵਿਚਾਰਾਂ ਦੀ ਅੰਧਵਿਸ਼ਵਾਸ਼ੀ ਵਿਚਾਰਧਾਰਾ ਦੇ ਮੁਕਾਬਲੇ ਉੱਤਰ ਅਤੇ ਪੰਜਾਬ ਦੇ ਹਿੰਦੂ ਵਪਾਰੀ ਵਰਗ ਨੇ ਦੱਖਣ ਭਾਰਤ ਦੀ ਭਗਤੀ ਦੀ ਵੈਸ਼ਨਵ ਵਿਚਾਰਧਾਰਾ ਨੂੰ ਆਪਣੀ ਟੇਕ ਬਣਾਇਆ, ਜਿਸ 'ਚ ਤੁਰਕ ਕਾਲ ਦੇ ਅਵਤਾਰਵਾਦ ਵਿਰੋਧੀ ਨਿਰਗੁਣੀ ਸੰਤਾਂ ਨੂੰ ਅਕਬਰ ਦੇ ਮੁਗ਼ਲ ਕਾਲ 'ਚ ਭਗਤੀਵਾਦੀ ਪ੍ਰੰਪਰਾ ਦੇ ਅਵਤਾਰਾਂ ਦੇ ਬਦਲ ਵਜੋਂ 'ਗੁਰੂ' ਨੂੰ ਬਣਾਇਆ ਜਿਹਨਾਂ ਦਾ ਉਤਪਾਦਨੀ ਵਿਕਾਸ ਦੇ ਉਸ ਯੁੱਗ 'ਚ ਬਹੁਤ ਮਹੱਤਵ ਸੀ। ਇਸ ਨਾਲ ਸ਼ੂਦਰ ਜਾਤੀ ਦੀ ਇਸਲਾਮ 'ਚ ਸਮਾਜਿਕ ਬਰਾਬਰੀ 'ਵਾਲੀ ਖਿੱਚ ਧੁੰਦਲੀ ਪਾਈ ਜਾ ਸਕਦੀ ਸੀ ਅਤੇ ਇਹ ਪਈ ਵੀ। ਸ਼ੂਦਰਾਂ ਨਾਲ ਹੁੰਦੇ ਰਹੇ ਵਰਣ ਆਧਾਰਤ ਧੱਕੇ 'ਚ ਵਪਾਰੀ ਵਰਗ ਨੇ ਤੁਰਕ ਕਾਲ ਦੇ ਤਰਕ 'ਤੇ ਖੜ੍ਹੇ ਸੰਤਾਂ ਦੀਆਂ ਸਾਖੀਆਂ ਨੂੰ ਸੂਫ਼ੀਵਾਦੀ ਭਗਤੀ ਧਾਰਾ ਦੇ ਮੁਕਾਬਲੇ ਹਿੰਦੂਵਾਦੀ ਵੈਸ਼ਨਵ ਧਾਰਾ ਦਾ ਅਨੁਸਾਰੀ ਬਣਾ ਲਿਆ। ਹਿੰਦੂਵਾਦੀ ਗੁਰੂ ਭਗਤੀ ਲਈ ਇਸਲਾਮ ਦੇ ਸੂਫ਼ੀ ਸੰਤਾਂ ਦੀਆਂ ਮਿੱਥ ਕਥਾਵਾਂ ਦਾ ਬਦਲ ਤੁਰਕ ਕਾਲ ਦੇ  ਸੰਤ ਬਣ ਗਏ ਅਤੇ ਕਥਾਵਾਂ ਦਾ ਆਧਾਰ ਪੁਰਾਣਾਂ ਦੀਆਂ ਕਹਾਣੀਆਂ 'ਚ ਦਰਸਾਈ ਭਗਤੀ ਅਤੇ ਚਮਤਕਾਰੀ ਘਟਨਾਵਾਂ। ਅਨੰਤ ਦਾਸ ਦੀਆਂ 1590 ਦੇ ਕਰੀਬ ਲਿਖੀਆਂ ਸੰਤ ਰਵੀਦਾਸ ਅਤੇ ਕਬੀਰ ਦੀਆਂ ਸਾਖੀਆਂ ਸੂਫ਼ੀ ਗੁਰੂਵਾਦੀ ਧਾਰਾ ਦਾ ਤਕਰੀਬਨ ਅਨੁਸਰਣ ਤੇ ਭਗਤੀ ਦਾ ਵੈਸ਼ਨਵੀ ਮੁਕਾਬਲਾ ਹੀ ਜਾਪਦੀਆਂ ਹਨ। ਬਾਬਾ ਨਾਨਕ ਬਾਰੇ ਲਿਖੀਆਂ ਸਾਖੀਆਂ ਵੀ ਅਜਿਹੇ ਹੀ ਰੰਗ 'ਚ ਰੰਗੀਆਂ ਨਜ਼ਰ ਆਉਂਦੀਆਂ ਹਨ। ਇਸ ਵੈਸ਼ਨਵਵਾਦੀ ਭਗਤੀ ਵਿਚਾਰਧਾਰਾ ਨੇ ਕਿਰਤੀਆਂ ਵਜੋਂ ਉਹਨਾਂ ਨੂੰ ਸਨਮਾਨ ਦੇ ਕੇ ਗੁਰੂ ਭਗਤੀ ਦੀ ਆਰਾਧਨਾ ਵੱਲ ਤੋਰਦਿਆਂ ਆਪਣੇ ਆਰਥਿਕ ਵਿਕਾਸ ਨੂੰ ਵੀ ਹੁਲਾਰਾ ਦਿੱਤਾ। ਇੱਥੋਂ ਤੱਕ ਕਿ ਇਹਨਾਂ ਨਵ ਭਗਤੀਵਾਦੀ ਵਿਚਾਰਾਂ ਦੀ ਪਹੁੰਚ ਨੂੰ ਮੁਗ਼ਲ ਦਰਬਾਰ ਵੱਲੋਂ ਵੀ ਉਤਸ਼ਾਹਜਨਕ ਹੁੰਗਾਰਾ ਮਿਲ ਰਿਹਾ ਸੀ।

ਅਜਿਹੇ ਯੁੱਗ 'ਚ ਜਦੋਂ ਮੁਸਲਮਾਨ ਸਿਰਫ਼ ਨਾਵਾਂ ਅਤੇ ਧਰਮ ਦੇ ਵਖਰੇਵੇਂ ਦੇ ਬਾਵਜੂਦ ਭਗਤੀਵਾਦੀ ਕਰਮਕਾਂਢਾਂ 'ਚ ਫਸ ਗਏ ਹੋਣ ਅਤੇ ਮੰਤਰਾਂ ਨੂੰ ਰਟਣ ਅਤੇ ਤੀਰਥ ਸਥਾਨਾਂ ਦੀ ਵੱਖਰਤਾ ਦੇ ਬਾਵਜੂਦ ਇਕੋ ਦਿਸ਼ਾ ਨੂੰ ਤਰਕਹੀਣ ਤਰੀਕੇ ਨਾਲ ਤੁਰਨ ਦਾ ਮੁਕਾਬਲਾ ਕਰ ਰਹੇ ਹੋਣ ਅਤੇ ਤਰਕ ਦੇ ਵਿਰੋਧੀ ਹੋ ਕੇ ਆਸਥਾ ਦੇ ਕਰਮਕਾਂਢੀ ਚੱਕਰਵਿਊ 'ਚ ਫਸ ਗਏ ਹੋਣ ਤਾਂ ਤਰਕ 'ਤੇ ਵਿਸ਼ਵਾਸ਼ ਰੱਖਣ ਵਾਲੇ ਚਿੰਤਕਾਂ ਨੂੰ ਉਤਪਤੀ ਦੇ ਮੂਲ ਸਰੋਤਾਂ ਵੱਲ ਮੁੜਨਾ ਪੈਂਦਾ ਹੈ ਅਤੇ ਉਹ ਵੀ ਉਦੋਂ ਜਦੋਂ ਦੇਸ ਪੂਰੀ ਤਰ੍ਹਾਂ ਆਰਥਿਕ ਵਿਕਾਸ ਵੱਲ ਪੱਕੇ ਪੈਰੀਂ ਵਧ ਰਿਹਾ ਹੋਵੇ। ਸੁਲਤਾਨ ਬਾਹੂ ਇਸੇ ਯੁੱਗ ਦੀ ਪੈਦਾਵਾਰ ਸੀ, ਜਦੋਂ ਭਾਰਤੀ ਇਸਲਾਮ ਨੇ ਤਰਕ ਦੇ ਕੁਰਾਨ ਆਧਾਰਤ ਵਿਚਾਰਾਂ ਦੀ ਬਜਾਏ ਹਦੀਸੀ/ਸਾਖੀਵਾਦੀ ਇਸਲਾਮ ਉੱਪਰ ਟੇਕ ਰੱਖਦਿਆਂ ਇਸਨੂੰ ਸ਼ਰੀਅਤ ਦੇ ਤਰਕ ਵਿਰੋਧੀ, ਨਾਰੀ ਵਿਰੋਧੀ, ਜਾਤਵਾਦੀ ਰੂਪ 'ਚ ਪਲਟ ਦਿੱਤਾ ਸੀ। ਕਾਦਰੀ ਪ੍ਰੰਪਰਾ ਦਾ ਨਾਂ ਸ਼ੇਖ ਮਹੀਓਦੀਨ ਅਬਦੁਲ ਕਾਦਰ ਜਿਲਾਨੀ ਨਾਲ ਜੋੜਿਆ ਜਾਂਦਾ ਹੈ, ਜੋ ਅਲ ਬਗ਼ਦਾਦੀ ਵਜੋਂ ਵੀ ਜਾਣੇ ਜਾਂਦੇ ਸਨ। ਬਗ਼ਦਾਦ ਦੇ ਸਕੂਲ 'ਚ ਪੜ੍ਹਾਈ ਕਰਦਿਆਂ ਉਹਨਾਂ ਇਸਲਾਮ ਦੁਆਰਾ ਸੰਬੋਧਿਤ ਵਿਸ਼ਿਆਂ 'ਤੇ ਲੰਬਾ ਸਮਾਂ ਵਿਦਿਆ ਹਾਸਿਲ ਕੀਤੀ ਸੀ। ਤਸੱਵਫ਼, ਰੂਹਾਨੀਅਤ ਦੀ ਮੁੱਢਲੀ ਇਸਲਾਮਕ ਪ੍ਰੰਪਰਾ 'ਚ ਤਰਕ ਗ਼ੈਰਹਾਜ਼ਿਰ ਨਹੀਂ ਸੀ ਅਤੇ ਸਗੋਂ ਬਗ਼ਦਾਦ ਤਾਂ ਉਸ ਯੁੱਗ 'ਚ ਹਰ ਤਰ੍ਹਾਂ ਦੇ ਵਿਗਿਆਨ ਅਤੇ ਫ਼ਲਸਫ਼ੇ ਦਾ ਕੇਂਦਰ ਸੀ। ਇਸਲਾਮਕ ਪ੍ਰੰਪਰਾ 'ਚ ਉਸ ਸਮੇਂ ਦੋ ਵੱਖ-ਵੱਖ ਡਸਿਪਲਨ ਕਲਾਮ (the science of debate) ਅਤੇ ਇਜਤਿਹਾਦ (independant reasoning) ਆਪਣੀ-ਆਪਣੀ ਆਜ਼ਾਦ ਸ਼ਕਲ 'ਚ ਕੰਮ ਕਰ ਰਹੇ ਸਨ। ਧਰਮ ਮੀਮਾਂਸਾ (theology)'ਚ ਤਰਕ ਦੀ ਭੂਮਿਕਾ 'ਤੇ ਇਸਲਾਮ ਨੇ ਵਿਸ਼ੇਸ਼ ਧਿਆਨ ਦਿੱਤਾ ਸੀ, ਜੋ ਅਲ ਗ਼ਜ਼ਾਲੀ ਤੋਂ ਕਈ ਸਦੀਆਂ ਬਾਅਦ ਜਰਮਨ ਦਾਰਸ਼ਨਿਕ ਕਾਂਟ ਦੇ ਹਿੱਸੇ ਆਇਆ। ਜ਼ਾਹਿਰ ਹੈ ਕਿ ਅਬਦੁਲ ਕਾਦਰ ਨੇ ਜੋ ਕਿਤਾਬਾਂ ਲਿਖੀਆਂ ਉਹ ਉਸੇ ਕਾਲ ਦੀਆਂ ਹਨ, ਜੋ ਤਰਕ ਆਧਾਰਤ ਧਰਮ ਮੀਮਾਂਸਾ 'ਤੇ ਜ਼ੋਰ ਦਿੰਦੀਆਂ ਸਨ। 1535 ਤੋਂ ਬਾਅਦ ਅਬਦੁਲ ਕਾਦਰ ਜਿਲਾਨੀ ਦੀਆਂ ਕਿਤਾਬਾਂ ਦੇ ਪ੍ਰਕਾਸ਼ਨ ਤੋਂ ਬਾਅਦ ਇਸਲਾਮਕ ਜਗਤ 'ਚ ਉਸਦੀਆਂ ਕਿਤਾਬਾਂ ਦੀ ਮੰਗ ਹੋਰ ਵਧੀ ਜਿਸ ਨਾਲ ਉਸਦੀਆਂ ਕਿਤਾਬਾਂ ਦੇ ਪ੍ਰਕਾਸ਼ਨ 'ਚ ਵਾਧਾ ਹੋ ਗਿਆ। ਹੋ ਸਕਦਾ ਹੈ ਕਿ ਧਰਮ ਮੀਮਾਂਸਾ ਦੇ ਇਹਨਾਂ ਮੂਲ ਗ੍ਰੰਥਾਂ ਨੇ ਬਾਹੂ ਨੂੰ ਇਸਲਾਮ ਦੀ ਮੂਲ ਪ੍ਰੰਪਰਾ ਵੱਲ ਮੋੜਦਿਆਂ ਤਰਕ ਦਾ 'ਗ਼ਾਜ਼ੀ' ਬਣਨ ਦੀ ਪ੍ਰੇਰਨਾ ਦਿੱਤੀ ਹੋਵੇ। ਉਸਦੀ ਰਚਨਾ ਦੀ ਸ਼ਕਤੀ ਦੱਸਦੀ ਹੈ ਕਿ ਉਸ ਉਪਰ ਇਸਲਾਮ ਦੇ ਸੁਨਿਹਰੀ ਯੁੱਗ ਵਿਚਲੇ ਗ੍ਰੰਥਾਂ ਦੇ ਗਹਿਨ ਅਧਿਐਨ ਦੇ ਨਾਲ ਨਾਲ ਅਫ਼ਲਾਤੂਨ ਤੇ ਅਰਸਤੂ ਵਰਗੇ ਯੂਨਾਨੀ ਫ਼ਿਲਾਸਫ਼ਰਾਂ ਦੇ ਫ਼ਲਸਫ਼ੇ ਉਪਰ ਅਰਬੀ ਚਿੰਤਕਾਂ ਦੀ ਵਿਆਖਿਆ ਦਾ ਪ੍ਰਭਾਵ ਵੀ ਹੈ।

ਹਜ਼ਰਤ ਸੁਲਤਾਨ ਬਾਹੂ ਦੀਆਂ ਪੰਜਾਬੀ 'ਚ ਭਾਵੇਂ ਗ਼ਜ਼ਲਾਂ ਵੀ ਮੌਜੂਦ ਹਨ, ਮਗਰ ਪੰਜਾਬੀ ਆਵਾਮ ਨੂੰ ਤਰਕ ਸ਼ਕਤੀ ਦੇ ਜੌਹਰ ਵਿਖਾਉਂਦੀ ਉਸ ਦੀ ਅਸਲ ਸਿਨਫ਼ ਸੀਹਰਫ਼ੀ ਹੈ। ਇਹਨਾਂ ਸੀਹਰਫ਼ੀਆਂ ਦਾ ਮੁੱਖ ਵਿਸ਼ਾ ਧਾਰਮਿਕ ਰੂੜ੍ਹੀਵਾਦਤਾ, ਕਰਮਕਾਂਢੀ ਤੀਰਥ ਅਸਥਾਨਾਂ ਦੀ ਯਾਤਰਾ ਨਾਲ ਭਰੀ ਭਗਤੀ ਨੂੰ ਧਰਮ ਮੀਮਾਂਸਕ ਤਾਰਕਿਕਤਾ ਦੇ ਬਾਣ ਨਾਲ ਫੁੰਡਣਾ ਹੈ। ਉਸ ਕੋਲ ਸੂਫ਼ੀ ਪ੍ਰੰਪਰਾ ਦੀ ਅਲਫ਼ਾਜ਼ੀ ਹੈ, ਮਗਰ ਉਸ ਨੂੰ ਫ਼ਕੀਰੀ ਦਾ 'ਖਾਲਸ ਪੁਰਾਣਾ ਨੀਲ' ਰੰਗ ਚੜ੍ਹਿਆ ਹੋਇਆ ਹੈ, ਜੋ ਸੂਫ਼ੀਆਂ ਦੇ ਸਿਲਸਿਲਾਵਾਦੀ 'ਮਜੀਠ' ਰੰਗ ਲਈ 'ਰੰਗ ਕਾਟ' ਦਾ ਕੰਮ ਕਰਦਾ ਹੈ। ਉਹ ਇਸ ਗੱਲ ਲਈ ਬਿਲਕੁਲ ਸਪੱਸ਼ਟ ਹੈ ਕਿ ਰੱਬ ਦੀ ਪ੍ਰਾਪਤੀ ਲਈ ਪੁਜਾਰੀ, ਮੁੱਲਾਂ ਮੁਲਾਣਿਆਂ ਦਾ ਕੋਈ ਉਪਾਅ ਕੰਮ ਨਹੀਂ ਆ ਸਕਦਾ ਜੇ ਉਹ ਸਮਾਜਿਕ ਮੁੱਲਾਂ ਦੀ ਉਲੰਘਣਾ ਕਰਦੇ ਫਰੇਬੀ ਕਾਨੂੰਨਾਂ ਦਾ ਸਹਾਰਾ ਲੈਂਦੇ ਭ੍ਰਿਸ਼ਟਤਾ 'ਚ ਗਲਤਾਨ ਹਨ। ਖ਼ੁਦਾ ਦੀ ਬੰਦਗੀ, ਤਸਬੀ ਫੇਰਨਾ, ਮੱਕੇ ਦੀਆਂ ਯਾਤਰਾਵਾਂ ਆਪਣੀ ਜ਼ਿੰਦਗੀ ਗੁਨਾਹਾਂ ਨਾਲ ਭਰੇ ਲੋਕ ਕਰਦੇ ਹਨ, 'ਜੇ ਮੈਂ ਵਿਚ ਐਡ ਗੁਨਾਹ ਨ ਹੋਂਦੇ ਪੀਰਾ ਤੂੰ ਬਖਸ਼ੇਂਦੋ ਕੇਨੂੰ ਹੂ।' ਜ਼ਿੰਦਗੀ 'ਚ ਉਪਜਦੀਆਂ ਲਾਲਸਾਵਾਂ ਲਈ ਆਦਮੀ ਦੇ ਸਮਾਜ-ਆਰਥਿਕ ਹੱਕਾਂ ਨੂੰ ਕੁਚਲਣ ਵਾਲੇ ਹੀ ਇਮਾਨ ਦੀ ਦੁਹਾਈ ਦਿੰਦੇ ਹਨ ਅਤੇ ਰੱਬ ਤੋਂ ਗ਼ੁਨਾਹ ਬਖਸ਼ੌਣ ਲਈ ਮੱਕੇ ਦਾ ਹੱਜ ਅਤੇ ਗੰਗਾ ਦੇ ਤੀਰਥਾਂ 'ਤੇ ਜ਼ੋਰ ਦਿੰਦੇ ਹਨ।

ਅਲਫ, ਅੱਲਾ ਪੜ੍ਹਿਆ ਪੜ੍ਹ ਹਾਫ਼ਜ਼ ਹੋਯਾ, ਗਿਆ ਹਿਜਾਬੋਂ ਪਰਦਾ ਹੂ।
ਪੜ੍ਹ ਪੜ੍ਹ ਆਲਮ ਫ਼ਾਜਲ ਹੋਯਾ, ਭੀ ਤਾਲਬ ਹੋਯਾ ਜ਼ਰ ਦਾ ਹੂ।
ਲੱਖ ਹਜ਼ਾਰ ਕਿਤਾਬਾਂ ਪੜ੍ਹਿਆਂ, ਜ਼ਾਲਮ ਨਫ਼ਸ ਨਾ ਮਰਦਾ ਹੂ।
ਬਾਝ ਫਕੀਰਾਂ ਕਿਸੇ ਨਾ ਮਾਰਿਆ, ਬਾਹੂ ਇਹ ਜ਼ਾਲਮ ਚੋਰ ਅੰਦਰ ਦਾ ਹੂ।

ਹਜ਼ਰਤ ਬਾਹੂ ਮੱਧਕਾਲੀ ਬਿੰਬਾਂ ਨੂੰ ਪ੍ਰਚਲਤ ਅਰਥਾਂ 'ਚ ਵਰਤਣ ਦੀ ਬਜਾਏ ਇਸਦਾ ਸੰਕਲਪੀਕਰਨ ਕਰਦਾ ਹੈ। ਰੋਲਾਂ ਬਾਰਤ ਨੇ ਮੱਧਕਾਲੀ ਬਿੰਬਾਂ ਨੂੰ ਇਕਹਿਰੇ ਅਰਥਾਂ 'ਚ ਪੇਸ਼ ਹੁੰਦੇ ਅਤੇ ਵਾਰ-ਵਾਰ ਇੱਕੋ ਅਰਥ ਪ੍ਰਦਾਨ ਕਰਦੇ ਦੱਸਿਆ ਹੈ ਅਤੇ ਆਧੁਨਿਕ ਕਵਿਤਾ 'ਚ ਚਿਹਨ ਨੂੰ ਬਹੁਮੰਤਵੀ ਅਤੇ ਹਰ ਵਾਰ ਅਰਥਾਂ ਦੇ ਬਦਲਣ ਵਜੋਂ ਸਮਝਿਆ ਹੈ। ਇਸ ਹਿਸਾਬ ਨਾਲ ਬਾਹੂ ਰੂਪਕਾਂ ਦਾ ਇਸਤੇਮਾਲ ਕਰਦਾ ਹੋਇਆ ਦੋਵਾਂ ਦੇ ਵਿਚਕਾਰ ਜਾਂ ਆਧੁਨਿਕ ਕਵਿਤਾ ਦੀ ਪੂਰਵ ਸੰਧਿਆ ਦੇ ਅਰਥ ਸਮੋਈ ਬੈਠਾ ਹੈ। ਦੁਨੀਆ, ਦੁਨੀਆਦਾਰ, ਇਸ਼ਕ, ਫ਼ਕੀਰ, ਇਲਮ, ਦੀਨ, ਦਰਦਮੰਦ ਆਦਿ ਚਿਹਨ ਉਸਦੀ ਕਵਿਤਾ 'ਚ ਵਾਰ-ਵਾਰ ਆਉਂਦੇ ਹਨ। ਇਹਨਾਂ ਚਿਹਨਾਂ ਦੀ ਵਾਰ-ਵਾਰ ਵਰਤੋਂ ਨਾਲ ਚਿਹਨ ਸੰਕਲਪ 'ਚ ਢਲਣੇ ਸ਼ੁਰੂ ਹੋ ਜਾਂਦੇ ਹਨ ਅਤੇ ਉਹ ਉਸ ਦੇ ਸਮਕਾਲੀ ਸਮਾਜ-ਆਰਥਿਕ ਵਰਤਾਰੇ ਨਾਲ ਧਾਰਮਿਕ ਗਠਜੋੜ ਦੇ ਕਾਰਨਾਂ ਦੀ ਵਿਆਖਿਆ ਕਰਦੇ ਜਾਂਦੇ ਹਨ। ਇਸਲਾਮ ਨੇ ਇਕਈਸ਼ਵਾਰਵਾਦ ਨੂੰ ਕਠੋਰਤਾ ਨਾਲ ਲਾਗੂ ਕਰਨ ਦਾ ਅਹਿਦ ਕੀਤਾ ਸੀ ਜਿਸ 'ਚ ਦੇਵਤਾਵਾਦੀ ਬੁੱਤ-ਪ੍ਰਸਤੀ ਨੂੰ ਬੁੱਤ ਸ਼ਿਕਨ ਵਜੋਂ ਖਾਰਜ਼ ਕਰ ਦਿੱਤਾ ਸੀ। ਇਕ ਅੱਲ੍ਹਾ ਦੀ ਹੋਂਦ ਤੋਂ ਬਿਨਾਂ ਕਿਸੇ ਵੀ ਬੁੱਤ ਦੀ ਪ੍ਰਸਤਿਸ਼ ਭਾਵੇਂ ਉਹ ਇਨਸਾਨੀ ਜਾਮੇ 'ਚ ਹੋਵੇ ਉਸ ਦੀ ਪੂਜਾ ਇਸਲਾਮ ਲਈ ਕੁਫਰ ਹੈ, ਭਾਵ ਸ਼ੇਖ, ਪੀਰ, ਗੁਰੂ ਆਦਿ ਇਨਸਾਨੀ ਬੁੱਤ ਪੂਜਾ 'ਚ ਢਲਕੇ ਬੰਦੇ ਨੂੰ ਜ਼ਿਹਨੀ

ਗੁਲਾਮਦਾਰੀ ਦੇ ਰਾਹ ਤੋਰਨ ਲਈ ਮਜ਼ਬੂਰ ਕਰਨ ਤਾਂ ਇਹ ਇਸਲਾਮ ਦੇ ਇਕਈਸ਼ਵਾਰਵਾਦੀ ਸਿਧਾਂਤ/ਭਾਵਨਾ ਵਿਰੋਧੀ ਕਾਰਾ ਬਣ ਜਾਂਦਾ ਹੈ। ਬਾਹੂ ਇਸ ਨਾਲ ਮੁਕੰਮਲ ਸਹਿਮਤੀ ਪ੍ਰਗਟ ਕਰਦਿਆਂ ਸਿਸਟਮੀ ਬੁੱਤਾਂ ਨੂੰ ਖਾਰਿਜ ਕਰਦਾ ਜਾਂਦਾ ਹੈ। ਬਾਹੂ ਕੁਦਰਤ ਦੀ ਸਿਰਜੀ ਕਿਸੇ ਵੀ ਚੀਜ਼ ਦੇ ਗੁਣਾਂ ਨੂੰ ਤਬਦੀਲ ਕਰਨ ਦੀ ਤਾਕਤ ਸਿਰਫ਼ ਖ਼ੁਦਾ ਨੂੰ ਮੰਨਦਾ ਹੈ। ਇਸੇ ਲਈ ਉਹ ਤਰਕ ਕਰਦਾ ਹੈ ਕਿ ਉਹਨਾਂ ਦਾ ਰੂਪ ਅਤੇ ਗੁਣਾਂ ਦੀ ਤਬਦੀਲੀ ਕਿਸੇ ਵੀ ਧਾਰਮਿਕ ਸਥਾਨ ਤੇ ਲੈ ਜਾਣ, ਮੰਤਰ ਪੜ੍ਹਨ ਨਾਲ ਨਹੀਂ ਹੋ ਸਕਦੀ, ਇਹ ਅਗਿਆਨਤਾ ਹੈ। "ਤੁੰਮੇ ਤਰਬੂਜ਼ ਮੂਲ ਨਾ ਹੁੰਦੇ, ਭਾਵੇਂ ਤੋੜ ਮੱਕੇ ਲੈ ਜਾਈਏ ਹੂ। ਕੌੜੇ ਖ਼ੂਹ ਨਾ ਮਿੱਠੇ ਥੀਵਣ ਬਾਹੂ, ਭਾਵੇਂ ਸੈ ਮਣਾ ਗੁੜ ਪਾਈਏ ਹੂ।" ਨਿਰਆਕਾਰ ਰੱਬ ਅਤੇ ਬੰਦੇ ਦੀ ਉਸ ਨਾਲ ਸਾਂਝ ਚੋਂ ਜੇ ਧਾਰਮਿਕ ਸੰਸਥਾਵਾਂ ਅਤੇ ਉਹਨਾਂ ਦੇ ਉਪਦੇਸ਼ ਖਾਰਿਜ ਕਰ ਦਿੱਤੇ ਜਾਣ ਤਾਂ ਤਰਕ ਸਹਾਰੇ ਰੌਸ਼ਨ ਖਿਆਲੀ ਰਾਹੀਂ ਆਧੁਨਿਕ ਵਿਚਾਰਾਂ ਦਾ ਰਾਹ ਖੁੱਲ੍ਹ ਜਾਂਦਾ ਹੈ।

'ਦੁਨੀਆ' ਨੂੰ ਉਹ ਨਿਜ਼ਾਮ ਦੁਆਰਾ ਤਰਤੀਬ ਕੀਤੀ ਸਮਝਦਾ ਹੈ ਅਤੇ ਦੁਨੀਆਦਾਰ ਨੂੰ ਇਸ ਦੇ ਹਾਕਮ ਵਜੋਂ ਲੈਂਦਾ ਹੈ, ਜਿਸ ਤੋਂ ਭਾਵ ਕਿ ਦੁਨੀਆ ਅਤੇ ਦੁਨੀਆਦਾਰ ਪ੍ਰਬੰਧ ਅਤੇ ਪ੍ਰਬੰਧਕ ਵਜੋਂ ਉਸ ਦੀ ਕਵਿਤਾ 'ਚ ਦਖਲਅੰਦਾਜ਼ ਹੁੰਦੇ ਹਨ। ਆਦਮੀ ਦੇ ਦੁੱਖਾਂ ਦਾ ਕਾਰਣ ਦੁਨੀਆਦਾਰ/ਹਾਕਮ ਹਨ, ਜੋ ਰੱਬ ਅਤੇ ਬੰਦੇ ਦਰਮਿਆਨ ਦੁਨਿਆਵੀ ਪ੍ਰਬੰਧ ਉੱਪਰ ਵੀ ਕਾਬਿਜ਼ ਹਨ। ਇਹ ਪ੍ਰਬੰਧਕ ਸੱਤਾ ਅਤੇ ਧੰਨ ਦੀ ਭੁੱਖ ਲਈ ਨਿਜ਼ਾਮ 'ਤੇ ਕਾਬਜ਼ ਹਨ ਇਸ ਲਈ ਪ੍ਰਬੰਧ ਦਾ ਅਲੋਚਕ ਨਿਜ਼ਾਮ ਤੋਂ ਬਾਹਰ ਹੋ ਕੇ ਹੀ ਬਣਿਆ ਜਾ ਸਕਦਾ ਹੈ, ਹਿੱਸੇਦਾਰੀ ਦੁਨੀਆਦਾਰੀ ਦਾ ਮਾਰਗ ਹੈ ਅਤੇ ਇਸਦੇ ਵਿਰੋਧ ਲਈ ਇਕੋ-ਇਕ ਰਾਹ ਫਕੀਰੀ ਹੈ। ਫਕੀਰ ਨੂੰ ਸਮਕਾਲ 'ਚ ਬਹੁਤ ਸਾਰੇ ਲੋਕ ਗ਼ਰੀਬ-ਗੁਰਬਾ ਹੀ ਸਮਝਦੇ ਹਨ। ਅਸਲ 'ਚ ਫ਼ਕੀਰੀ ਦੇ ਸ਼ਰੀਅਤ ਅਰਥ ਬਾਹੂ ਸਮੇਂ ਕਾਫ਼ਰ ਵਜੋਂ ਲਏ ਜਾਂਦੇ ਸਨ, ਕਿਉਂਕਿ ਉਹ ਗਿਆਨ ਦੀ ਤਾਰਕਿਕ ਪੱਧਤੀ ਨਾਲ ਜੁੜਿਆ ਉਪਰਲੀ/ਮਧਵਰਗੀ ਜਮਾਤ ਦਾ ਫ਼ਰਦ ਹੁੰਦਾ ਸੀ, ਜੋ ਦੁਨੀਆਦਾਰ/ਪ੍ਰਬੰਧਕ ਹੋਣ ਦੇ ਸਾਰੇ ਝਮੇਲਿਆਂ 'ਚੋਂ ਬਾਹਰ ਆ ਕੇ ਤਾਰਕਿਕ ਪੱਧਤੀ ਰਾਹੀਂ ਸਿਆਸੀ ਅਲੋਚਕ ਬਣ ਜਾਂਦਾ ਸੀ, ਜਿਸ ਨੂੰ ਆਧੁਨਿਕ ਅਰਥਾਂ 'ਚ ਡੀ-ਕਲਾਸ ਹੋਣਾ ਕਿਹਾ ਜਾਂਦਾ ਹੈ, ਭਾਵ ਸੱਤਾ ਅਤੇ ਧਨ ਦੀ ਚਮਕ ਤੋਂ ਬਾਹਰ ਮਰ-ਮਰ ਕੇ ਜੀਣ ਵਾਲਾ ਉਗਰ ਅਲੋਚਕ, ਕਿਉਂਕਿ ਇਸ ਨੂੰ ਇਕ ਰੱਬ ਦੀ ਰਜ਼ਾ ਤੋਂ ਬਿਨਾਂ ਕਿਸੇ ਦੁਨਿਆਵੀ ਸ਼ਕਤੀ ਦਾ ਖੌਫ਼ ਨਹੀਂ ਹੁੰਦਾ। ਰੱਬ ਇਕ ਸੈਕੂਲਰ ਸ਼ਕਤੀ ਹੈ ਜਿਸ ਨੂੰ ਮਜ਼ਹਬ, ਦੀਨ, ਪੰਥ ਜਾਂ ਭਗਤੀ/ਧਰਮ ਦੇ ਪ੍ਰਬੰਧਕੀ ਸੰਪ੍ਰਦਾਇ ਰੱਬ ਦੇ ਬਣਾਏ ਬੰਦਿਆਂ ਨੂੰ ਫਿਰਕਿਆਂ ਵਿਚ ਵੰਡਦੇ ਨਫ਼ਸ ਦਾ ਸ਼ਿਕਾਰ ਹੋ ਕੇ ਰਾਜਨੀਤਕ/ਧਾਰਮਿਕ/ਸਮਾਜਿਕ ਲਾਹਾ ਲੈਂਦੇ ਹਨ। ਇਕਈਸ਼ਵਰ ਦੀ ਹੋਂਦ 'ਚ ਬੰਦੇ ਨੂੰ ਕਿਸੇ ਮਨੁੱਖੀ ਸ਼ਕਤੀ/ਨਿਜ਼ਾਮ ਤੋਂ ਖ਼ਤਰਾ ਨਹੀਂ ਹੈ। ਇਹੋ ਤਰਕ ਹੀ ਮਨੁੱਖੀ ਅਸਤਿਤਵ ਨੂੰ ਪੈਦਾ ਕਰਦਾ ਹੈ, ਜੋ ਫ਼ਕੀਰਾਂ ਦੁਆਰਾ ਲੱਭਿਆ ਗਿਆਨ ਦਾ ਮਾਰਗ ਹੈ। ਦੁਨੀਆਦਾਰ ਇਸ ਮਾਰਗ ਨੂੰ ਪ੍ਰਾਪਤ ਨਹੀਂ ਕਰ ਸਕਦਾ ਇਸ ਵਾਸਤੇ ਸੱਤਾਵੀ ਲਾਲਸਾਵਾਂ ਦੀ ਤਰਤੀਬ 'ਚੋਂ ਬਾਹਰ ਆਉਣਾ ਪੈਂਦਾ ਹੈ। ਇਹੋ ਮਾਰਗ ਇਸ਼ਕ ਦਾ ਮਾਰਗ ਹੈ, ਕਿਉਂਕਿ ਇਸ਼ਕ ਸਮਾਜ ਦੇ ਕਿਸੇ ਜਾਤਵਾਦੀ, ਧਰਮਵਾਦੀ, ਸੱਤਾਵਾਦੀ ਪ੍ਰਬੰਧ ਤੋਂ ਆਜ਼ਾਦ ਰੱਬੀ/ਕੁਦਰਤੀ ਵਰਤਾਰਾ ਹੈ, ਜਿੱਥੇ ਜਾਤ, ਰੰਗ, ਦੀਨ, ਧਰਮ, ਨਸਲ, ਦੇਸ, ਜ਼ਬਾਨ ਦੇ ਸਭ ਮਸਲੇ ਮੁੱਕ ਜਾਂਦੇ ਹਨ, ਕਿਉਂਕਿ ਇਹ ਤਾਂ ਦੁਨੀਆਦਾਰ ਨੂੰ ਮਨਭਾਉਂਦੇ ਅਰਥ ਦਿੰਦੇ ਹਨ। ਵਾਰਿਸ ਦਾ ਕਥਨ ਹੈ, "ਜਿਹੜਾ ਵਤਨ ਤੇ ਜਾਤ ਦਾ ਧਿਆਨ ਰੱਖੇ ਦੁਨੀਆਦਾਰ ਹੈ ਉਹ ਦਰਵੇਸ਼ ਨਾਹੀਂ।" ਇਸ ਲਈ ਬਾਹੂ ਦੇ ਇਸ਼ਕ ਦੇ ਅਰਥ ਕੇਵਲ ਔਰਤ ਮਰਦ ਦੀ ਮੁਹੱਬਤ ਤੋਂ ਇਲਾਵਾ ਬਹੁਤ ਸਾਰੇ ਮਾਇਨੇ ਪ੍ਰਦਾਨ ਕਰਦੇ ਹਨ। ਮਨੁੱਖੀ ਹੋਂਦ ਦੀ ਪ੍ਰਾਪਤੀ ਲਈ ਕੀਤਾ ਅਜ਼ਮ, ਅਕੀਦਾ, ਜਨੂੰਨ, ਸਾਧਨਾ, ਸੱਚ ਦੀ ਤਾਰਕਿਕ ਭਾਲ ਦਾ ਅਹਿਦ ਜੋ ਮਨੁੱਖ ਨੂੰ ਦੁੱਖਾਂ ਤੋਂ ਮੁਕਤ ਕਰਨ 'ਚ ਸਹਾਈ ਹੁੰਦੇ ਹੋਣ, ਉਹ ਬਾਹੂ ਇਸ਼ਕ ਦੀ ਵੰਨਗੀ 'ਚ ਆਉਂਦੇ ਹਨ। ਇਸ਼ਕ ਹੋਣਾ/ਕਰਨਾ ਬਹੁਤ ਪਿਆਰਾ ਕਾਰਜ ਹੈ, ਪ੍ਰੰਤੂ ਇਹ ਖੁਸ਼ੀ ਨਾਲੋਂ ਪੀੜ ਵੱਧ ਦਿੰਦਾ ਹੈ। ਫਿਰ ਵੀ ਇਨਸਾਨੀ ਗਿਆਨ ਦਾ ਮੁੱਖ ਸੋਮਾ ਹੋਣ ਕਰਕੇ ਥੋੜ੍ਹੀ ਖੁਸ਼ੀ ਲਈ ਬਹੁਤਾ ਗ਼ਮ ਬਰਦਾਸ਼ਤ ਕਰਨ ਦੀ ਸ਼ਕਤੀ ਵੀ ਇਸ ਦੇ ਅੰਦਰ ਹੀ ਬਿਰਾਜਮਾਨ ਹੁੰਦੀ ਹੈ। ਸਿਰਜਣਾ ਲਈ ਅਕੀਦਾ, ਸਾਧਨਾ ਜਾਂ ਅਹਿਦ ਹੀ ਭਵਿੱਖ ਦੀ ਦੁਨੀਆ ਬਦਲਣ ਦਾ ਮਾਰਗ ਹੈ, ਮਗਰ ਸਿਰਜਣਾ ਲਈ ਪਲ-ਪਲ ਮਰਨਾ ਪੈਂਦਾ ਹੈ ਅਤੇ ਇਸ ਵਾਸਤੇ ਪਹਿਲਾਂ ਪੀੜ/ਮੌਤ ਲਈ ਤਿਆਰ ਹੋ ਕੇ ਹੀ ਇਸ਼ਕ ਦੇ ਰਾਹੇ ਤੁਰਿਆ ਜਾ ਸਕਦਾ ਹੈ। ਇਸ਼ਕ, ਸਿਰਜਣਾ, ਖੋਜ ਮਰ-ਮਰ ਜੀਣ ਦੇ ਮਾਰਗ ਹਨ ਅਤੇ ਇਹ ਰੱਬ ਦੀ ਪ੍ਰਾਪਤੀ ਦੇ ਔਝੜ ਫਕੀਰੀ ਪੈਂਡੇ ਹਨ। ਕੁੱਖ 'ਚ ਭਰੂਣ ਦੀ ਸ਼ੁਰੂਆਤ ਤੋਂ ਬੱਚੇ ਦੇ ਜਨਮ ਤੱਕ ਮਾਂ ਦਾ ਬੱਚੇ ਨਾਲ ਪੀੜ/ਮੌਤ ਭਰਿਆ ਸਿਰਜਣਾਤਮਿਕ ਰਾਹ ਇਸ਼ਕ ਹੀ ਹੈ। ਨਵਾਂ ਸਿਰਜਣ ਲਈ ਪੀੜ/ਮੌਤ ਨਾਲ ਘੁਲਣਾ ਇਸ਼ਕ/ਫ਼ਕੀਰੀ ਦਾ ਮਾਰਗ ਹੈ। ਇਸ਼ਕ ਆਪਣੀ ਹੋਂਦ ਨੂੰ ਮਹਿਸੂਸ ਕਰਨਾ ਹੈ। ਇਸ਼ਕ ਵਸਲ ਨੂੰ ਭਾਲਦੀ ਪੀੜਾ ਨਾਲ ਭਰੀ ਵਿਯੋਗੀ ਰੂਹ ਹੈ, ਜਿਸ ਕੋਲ ਵਸਲ ਸਿਰਫ਼ ਅਸਮਾਨੀ ਬਿਜਲੀ ਦਾ ਇਕ ਲਿਸ਼ਕਾਰਾ ਮਾਤਰ ਹੈ ਅਤੇ ਉਮਰਾ ਕਾਲੀ ਰਾਤ ਹਨੇਰੀ। ਇਸ਼ਕ ਖੋਜ, ਸਿਰਜਣਾ ਦਾ ਵਰ੍ਹਿਆਂ ਲੰਬਾ ਪੰਧ ਹੈ ਅਤੇ ਖੋਜ/ਸਿਰਜਣਾ ਕਰ ਲੈਣ ਵਾਲੇ ਲਈ ਸਿਰਫ਼ ਚੰਦ ਪਲ ਦਾ ਹੀ ਆਨੰਦ ਹੈ। ਇਸ਼ਕ ਦੁਨੀਆਦਾਰੀ ਨਹੀਂ ਹੈ, ਜੋ ਨਫਸ ਬਣ ਕੇ ਹੋਰਾਂ ਲਈ ਪੀੜਾ/ਖੌਫ਼ਪੈਦਾ ਕਰਦੀ ਹੈ। ਇਸ਼ਕ ਦੁਨੀਆਦਾਰੀ ਦੀ ਨਿਸ਼ਚਤਾ ਨੂੰ ਤੋੜਨ ਦਾ ਰਾਹ ਹੈ, ਜੋ ਪੀੜ/ਮੌਤ ਦੀ ਗਲੀ 'ਚੋਂ ਹੋ ਕੇ ਲੰਘਦਾ ਹੈ। ਇਸ਼ਕ ਵਸਲ ਲਈ ਉਤਸੁਕ 'ਜਿੰਦ' ਦਾ ਵਿਆਕੁਲਤਾ ਤੇ ਉਡੀਕ ਦੀ ਭੱਠੀ 'ਚ ਤਪਣਾ ਹੈ। ਇਸ਼ਕ ਸੱਚ ਦੀ ਖੋਜ ਦਾ ਅਦਿੱਖ ਤੇ ਔਝੜ ਮਾਰਗ ਹੈ।

ਰਾਤ ਅੰਧੇਰੀ ਕਾਲੀ ਦੇ ਵਿਚ, ਇਸ਼ਕ ਚਰਾਗ ਜਲਾਂਦਾ ਹੂ।
ਔਝੜ ਝੱਲ ਤੇ ਮਾਰੂ ਬੇਲੇ, ਉਥੇ ਦਮ ਦਮ ਖੌਫ਼ ਸ਼ੀਹਾਂ ਦਾ ਹੂ।
ਥਲ ਥਲ ਜੰਗਲ ਗਏ ਝਗੀਂਦੇ ਬਾਹੂ ਕਾਮਲ ਨੇਂਹੁ ਜਿਨ੍ਹਾਂ ਦਾ ਹੂ॥

ਦਰਦਮੰਦਾਂ ਦੇ ਹਾਉਕਿਆਂ ਦਾ ਦਾਰੂ, ਦੁੱਖਾਂ ਦਾ ਕਾਰਣ ਫਕੀਰ ਨੂੰ ਰੱਬੀ ਦੇਣ ਦੀ ਬਜਾਏ ਪ੍ਰਬੰਧ ਦੀ ਦੇਣ ਅਨੁਭਵ ਹੁੰਦੇ ਹਨ।

ਇਸੇ ਕਰਕੇ ਉਹ ਤਾਰਕਿਕ ਵਿਧੀ ਰਾਹੀਂ (ਸਮਾਜ-ਆਰਥਿਕ, ਰਾਜਨੀਤਕ, ਧਾਰਮਿਕ) ਪ੍ਰਬੰਧ/ਦੁਨੀਆ ਅਤੇ ਦੁਨੀਆਦਾਰ ਨੂੰ ਚਣੌਤੀ ਦਿੰਦਾ ਹੈ। ਅਤਾਰਕਿਕ ਸੱਤਾ ਸੰਪਨ ਦੁਨੀਆਦਾਰ ਦਰਦਮੰਦ/ਪੀੜਤ ਜੀਵ ਦੇ ਹਾਉਕੇ ਨੂੰ ਸੁਣਨ ਤੋਂ ਡਰਦਾ ਹੈ। ਸਿੱਧੇ ਰੂਪ 'ਚ ਉਹ ਕਿਸੇ ਵਿਅਕਤੀ ਵਿਸੇਸ਼ ਦੀ ਪੀੜਾ ਦਾ ਕਾਰਨ ਨਹੀਂ ਹੁੰਦਾ ਮਗਰ ਜਿਸ ਦੁਨੀਆ ਦੀ ਉਹ ਨੁਮਾਇੰਦਗੀ ਕਰਦਾ ਹੈ, ਉਸ ਨੂੰ ਪ੍ਰਾਪਤ ਕਰਨ ਦਾ ਫਲ ਦਰਦਮੰਦ ਦੀਆਂ ਆਹਾਂ 'ਚ ਨਿਕਲਦਾ ਹੈ। ਦੁਨੀਆਦਾਰ ਦੇ ਪਾਪਾਂ ਨੂੰ ਉਸ ਤੋਂ ਡਰ ਲਗਦਾ ਹੈ ਤਾਂ ਉਹ ਆਪਣੇ ਕਰਮ ਨੂੰ ਠੀਕ ਕਰਨ ਦੀ ਬਜਾਏ ਧਾਰਮਿਕ ਅਸਥਾਨਾਂ ਦੀ ਬਿਹਤਰੀ  ਪੀਰਾਂ, ਸਾਧਾਂ, ਸੰਤਾਂ, ਸੇਖਾਂ ਦੀ ਪੂਜਾ/ਪ੍ਰਸਤਿਸ਼ ਦੇ ਚੱਕਰ ਕੱਟਦਾ ਹੈ, ਪ੍ਰੰਤੂ ਫਕੀਰ ਉਸਦੀਆਂ ਆਹਾਂ ਦੇ ਤਾਰਕਿਕ ਕਾਰਨ ਜਾਣਦਾ ਹੈ ਜਿਸ ਕਰਕੇ ਉਸਨੂੰ ਦਰਦਮੰਦ ਦੀ ਆਹ ਦਾ ਕੋਈ ਖੌਫ ਨਹੀਂ ਹੁੰਦਾ। ਖੌਫ ਦੇਣ ਵਾਲਾ ਹੀ ਅਲੌਕਿਕ ਖੌਫ ਅਤੇ ਦਰਦਮੰਦਾਂ ਦੀਆਂ ਆਹਾਂ ਤੋਂ ਡਰਦਾ ਉਸ ਦੀ ਸ਼ਕਤੀ ਦਾ ਸਾਹਮਣਾ ਨਹੀਂ ਕਰ ਸਕਦਾ।

ਦਰਦਮੰਦਾਂ ਦੀਆਂ ਆਹੀਂ ਕੋਲੋਂ, ਪਹਾੜ ਪੱਥਰ ਦੇ ਝੜਦੇ ਹੂ।
ਦਰਦਮੰਦਾਂ ਦੀਆਂ ਆਹੀਂ ਕੋਲੋਂ, ਭਜ ਨਾਗ ਜਿਮੀਂ ਵਿਚ ਵੜਦੇ ਹੂ।
ਦਰਦਮੰਦਾਂ ਦੀਆਂ ਆਹੀਂ ਕੋਲੋਂ, ਅਸਮਾਨੋਂ ਤਾਰੇ ਝੜਦੇ ਹੂ।
ਦਰਦਮੰਦਾਂ ਦੀਆਂ ਆਹੀਂ ਕੋਲੋਂ, ਆਸ਼ਕ ਮੂਲ ਨਾ ਡਰਦੇ ਹੂ॥

ਤੇ ਤਰਕ ਦੁਨੀਆ ਦੀ ਤਾਂ ਹੀ ਹੋਸੀ, ਫੱਕਰ ਮਲੇਸੀ ਖਾਸਾ ਹੂ।
ਤਾਰਕ ਦੁਨੀਆ ਤਾਂ ਹੀ ਹੋਸੀ, ਜਦ ਹਥ ਪਕੜੇਸੀ ਕਾਸਾ ਹੂ।
ਦਰਿਆ ਵਹਦਤ ਨੋਸ਼ ਕੀਤੇ ਸੁ, ਅਜੇ ਭੀ ਜੀ ਪਿਆਸਾ ਹੂ।
ਬਾਹੂ ਰਾਹ ਫੱਕਰ ਹੱਦ ਹੰਝੂ ਰੋਵਨ, ਲੋਕਾਂ ਭਾਣੇ ਹਾਸਾ ਹੂ॥

ਤੇ ਤਦੋਂ ਫਕੀਰ ਸ਼ਤਾਬੀ ਬਣਦਾ, ਜਦ ਜਾਨ ਇਸ਼ਕ ਵਿਚ ਹਾਰੇ ਹੂ।
ਆਸ਼ਕ ਸ਼ੀਸ਼ਾ ਤੇ ਨਫਸ ਮੁਰੱਬੀ, ਜਾਨ ਜਾਨਾਂ ਤੋਂ ਵਾਰੇ ਹੂ।
ਖੁਦ-ਨਫੀਸੀ ਛਡ ਹਸਤੀ ਝੇੜੇ, ਲਾਹ ਸਿਰੋਂ ਸਭ ਭਾਰੇ ਹੂ।
ਬਾਹੂ ਬਾਝ ਮੋਇਆਂ ਨਹੀਂ ਹਾਸਲ ਥੀਂਦਾ, ਤੋੜੇ ਲੱਖਾਂ ਸਾਂਗ ਉਤਾਰੇ ਹੂ।

ਤੇ ਤਸਬੀ ਦਾ ਤੂ ਕਸਬੀ ਹੋਇਉਂ, ਮਾਰੇ ਦਸ ਵਲੱਲੀਆਂ ਹੂ।
ਦਿਲ ਦਾ ਮਣਕਾ ਇਕ ਨਾ ਫੇਰੇਂ, ਗਾਂਜ ਪਾਏਂ ਪੰਜ ਗਲੀਆਂ ਹੂ।
ਦੇਣ ਗਿਆਂ ਗਲ ਘੋਟੂ ਆਵੇ, ਲੈਣ ਗਿਆਂ ਤਸਬੀਹਾਂ ਹੂ।
ਪੱਥਰ ਚਿਤ ਜਿਨ੍ਹਾਂ ਦਾ ਬਾਹੂ, ਉਥੇ ਜ਼ਾਇਆ ਵੱਸਣਾ ਮੀਹਾਂ ਹੂ।

ਬਾਹੂ ਦਾ ਵਿਚਾਰ ਹੈ ਕਿ ਦੁਨੀਆ/ਨਿਜ਼ਾਮ ਕਦੇ ਵੀ ਮਨੁੱਖ ਨੂੰ ਸਕੂਨ ਨਹੀਂ ਦੇ ਸਕਦਾ, ਕਿਉਂਕਿ ਦੁਨੀਆਦਾਰ ਸੱਤਾ ਦੀ ਪਕੜ 'ਚ ਆਉਂਦਿਆਂ ਹੀ ਹਾਉਮੈ/ਨਫ਼ਸ ਦੇ ਦਰਿਆ 'ਚ ਹੜ ਆ ਜਾਂਦਾ ਹੈ। ਇਸੇ ਕਰਕੇ ਹਾਉਮੈ/ਨਫਸ ਸੱਤਾਵੀ ਹੈਜ਼ੇ ਵਰਗੇ ਰੋਗਾਂ ਨਾਲ ਗਰਸਤ ਜ਼ੁਲਮਾਂ ਦੀ ਉਲਟੀ ਕਰਦੀ ਰਹਿੰਦੀ ਹੈ ਅਤੇ ਜੇਕਰ ਫਕੀਰ ਇਸ ਦਾ ਹਿੱਸਾ ਬਣਦਾ ਹੈ ਤਾਂ ਉਸ ਦਾ ਜੀਣਾ ਲਾਹਨਤ ਹੈ। 'ਇਹੋ ਨਫਸ ਅਸਾਡਾ ਬੇਲੀ, ਜੋ ਨਾਲ ਅਸਾਡੇ ਸਿੱਧਾ ਹੂ। ਜੋ ਕੋਈ ਉਸਦੀ ਕਰੇ ਤਬਾਹੀ, ਉਸ ਨਾਮ ਅੱਲ੍ਹਾ ਦਾ ਲੱਧਾ ਹੂ। ਰਾਹ ਫੱਕਰ ਦਾ ਮੁਸ਼ਕਲ ਬਾਹੂ, ਘਰ ਮਾਂ ਨਾ ਸੀਰਾ ਰਿੱਧਾ ਹੂ॥' ਫਕੀਰ ਨਾ ਹੁਕਮ ਕਰ ਸਕਦਾ ਹੈ ਅਤੇ ਨਾ ਹੁਕਮ ਮੰਨ ਸਕਦਾ ਹੈ ਇਸ ਕਰਕੇ ਉਹ ਦੁਨੀਆ ਦਾ ਹਿੱਸਾ ਨਹੀਂ ਹੋ ਸਕਦਾ, ਕਿਉਂਕਿ ਨਿਜ਼ਾਮ/ਦੁਨੀਆ ਕਦੇ ਪਵਿੱਤਰ ਨਹੀਂ ਹੋ ਸਕਦੇ।

ਇਹ ਦੁਨੀਆ ਜਨ ਹੈਜ਼ ਪਲੀਦੀ, ਹਰਗਿਜ਼ ਪਾਕ ਨਾ ਥੀਵੇ ਹੂ।
ਜੈਂ ਫੱਕਰ ਘਰ ਦੁਨੀਆ ਹੋਵੇ, ਲਾਅਨਤ ਤਿਸ ਦੇ ਜੀਵੇ ਹੂ।
ਹੁਬ ਦੁਨਿਆਵੀ ਰੱਬ ਥੀਂ ਮੋੜੇ, ਲਾਅਨਤ ਤਿਸ ਦੇ ਜੀਵੇ ਹੂ।
ਸੇਹ ਤਲਾਕ ਦੁਨੀਆ ਨੂੰ ਦੇਈਏ, ਜੇ ਬਾਹੂ ਸੱਚ ਪੁਛੀਵੇ ਹੂ॥

ਅਧੀ ਲਾਅਨਤ ਦੁਨੀਆ ਤਾਈਂ , ਸਾਰੀ ਦੁਨੀਆਦਾਰਾਂ ਹੂ।
ਜਿਨ੍ਹਾਂ ਰਾਹ ਸਾਹਿਬ ਦੇ ਖਰਚ ਨਾ ਕੀਤੀ, ਲੈਣ ਗਜ਼ਬ ਦੀਆਂ ਮਾਰਾਂ ਹੂ
ਪਿਓਵਾਂ ਕੋਲੋਂ ਪੁਤ੍ਰ ਕੋਹੇਂਦੀ, ਭੱਠ ਦੁਨੀਆ ਮਕਾਰਾਂ ਹੂ।
ਜਿਨਾਂ ਤਰਕ ਦੁਨੀਆ ਥੀ ਕੀਤੀ  ਬਾਹੂ, ਲੈਸਨ ਬਾਗ ਬਹਾਰਾਂ ਹੂ।

ਬਾਹੂ ਭਗਤੀ ਦੇ ਹਰ ਕੋਣ ਨੂੰ ਆੜੇ ਹੱਥੀ ਲੈਂਦਾ ਹੈ, ਉਹ ਇਸਲਾਮਕ ਹੋਵੇ ਹਿੰਦੂਵਾਦੀ ਜਾਂ ਬੁੱਧਵਾਦੀ। ਇਹ ਦੁਨੀਆਦਾਰ ਦੇ ਆਵਾਮ  ਨੂੰ ਧੋਖੇ 'ਚ ਰੱਖਣ ਦੇ ਮਾਰਗ ਹਨ। ਗਿਆਨ ਦਾ ਮਾਰਗ ਦੱਸਣ ਵਾਲਾ ਅਧਿਆਪਕ ਮੁਰਸ਼ਦ ਦਾ ਰੂਪ ਹੈ ਜੋ ਤਰਕ ਰਾਹੀਂ ਫਕੀਰ ਨੂੰ ਆਪਣੀ ਹੋਂਦ ਦੇ ਦਰਸ਼ਨ ਕਰਾ ਦਿੰਦਾ ਹੈ ਅਤੇ ਆਪਣੀ ਹੋਂਦ ਦੀ ਖੋਜ/ਸਿਰਜਣਾ ਫਕੀਰੀ ਨੂੰ ਪ੍ਰਾਪਤ ਕਰਨ ਦੀ

ਅਵਸਥਾ ਹੈ, ਜਿੱਥੇ ਨਾ ਕਿਸੇ ਨੂੰ ਨਰਕ ਦਾ ਡਰ ਹੈ ਅਤੇ ਨਾ ਹੀ ਬਖਸ਼ੇ ਜਾਣ ਦੀ ਚਾਹਤ ਹੈ। ਭਗਤੀ ਅਗਿਆਨਤਾ ਦਾ ਦੁਆਰ ਖੋਲ੍ਹਦੀ ਹੈ। ਅਗਿਆਨਤਾ/ਗਾਫ਼ਿਲ ਦਾ ਹਰ ਸਾਹ ਕਾਫ਼ਿਰਪੁਣਾ ਹੈ। ਇਸ ਕਰਕੇ ਦੀਨ/ਧਰਮ ਦੀਆਂ ਸਿਫਤਾਂ ਦਾ ਰਟਣ ਅਗਿਆਨਤਾ ਹੈ ਅਤੇ ਕਾਫਿਰ ਬਣਨ ਦਾ ਰਸਤਾ ਹੈ। ਨਾ ਤਾਂ ਰੱਬ ਮੱਕੇ 'ਚ ਹੈ ਅਤੇ ਨਾ ਅਰਸ਼ ਉੱਤੇ ਹੈ, ਨਾ ਕਾਅਬੇ 'ਚ ਤੇ ਨਾ ਗੰਗਾ 'ਚ ਗੋਤੇ ਖਾਵਣ 'ਚ, ਕਿਉਂਕਿ ਇਸ 'ਚ ਰੱਬ ਨੂੰ ਪ੍ਰਾਪਤ ਕਰਨ ਦਾ ਕੋਈ ਤਰਕ ਨਹੀਂ ਹੈ। ਜੇ ਇਸ 'ਚ ਰੱਬ ਦੀ ਪ੍ਰਾਪਤੀ ਹੁੰਦੀ ਤਾਂ ਇਕੋ ਮੱਕੇ ਅਤੇ ਇਸਲਾਮ ਦੇ ਪੈਰੋਕਾਰਾਂ ਅੰਦਰ ਸ਼ੀਆ ਸੁੰਨੀ ਦਾ ਝਗੜਾ ਏਨਾ ਵਿਕਰਾਲ ਰੂਪ ਨਾ ਧਾਰਦਾ।

ਨਾ ਮੈਂ ਜੋਗੀ ਨਾ ਮੈਂ ਜੰਗਮ, ਨਾ ਮੈਂ ਚਿਲਾ ਕਮਾਇਆ ਹੂ
ਨਾ ਮੈਂ ਭੱਜ ਮਸੀਤੀਂ ਵੜਿਆ, ਨਾ ਤਸਬਾ ਖੜਕਾਇਆ ਹੂ
ਜੋ ਦਮ ਗ਼ਾਫਿਲ ਸੋ ਦਮ ਕਾਫਿਰ, ਮੁਰਸ਼ਦ ਇਹ ਫਰਮਾਇਆ ਹੂ
ਮੁਰਸ਼ਦ ਸੋਹਣੀ ਕੀਤੀ ਬਾਹੂ, ਸਾਨੂੰ ਪਲ ਵਿਚ ਜਾ ਬਖਛਾਇਆ ਹੂ॥

ਨਾ ਰੱਬ ਅਰਸ਼ ਮੁਅੱਲਾਂ ਉੱਤੇ ਨਾ ਰੱਬ ਖਾਨੇ ਕਾਅਬੇ ਹੂ
ਨਾ ਰੱਬ ਇਲਮ ਕਿਤਾਬੀਂ ਲੱਭਾ ਨਾ ਰੱਬ ਵਿਚ ਮਹਿਰਾਬੇ ਹੂ
ਗੰਗਾ ਤੀਰਥ ਮੂਲ ਨਾ ਮਿਲਿਆ ਪੈਂਡੇ ਬੇਹਿਸਾਬੇ ਹੂ
ਜਦ ਦਾ ਮੁਰਸ਼ਦ ਮਿਲਿਆ ਬਾਹੂ ਛੁੱਟੇ ਸਭ ਆਜ਼ਾਬੇ ਹੂ॥

ਨਾ ਮੈਂ ਸੁੰਨੀ ਨਾ ਸ਼ੀਆ, ਮੇਰਾ ਦੋਹਾਂ ਤੋਂ ਦਿਲ ਸੜਿਆ ਹੂ
ਮੁੱਕ ਗਏ ਸਭ ਖੁਸ਼ਕੀ ਦੇ ਪੈਂਡੇ, ਦਰਿਆ ਰਹਿਮਤ ਵਰ੍ਹਿਆ ਹੂ
ਕਈ ਮਨ ਤਾਰੂ ਤਰ ਤਰ ਹਾਰੇ, ਕੋਈ ਕਿਨਾਰੇ ਚੜ੍ਹਿਆ ਹੂ
ਸਹੀ ਸਲਾਮਤ ਪਾਰ ਗਏ ਬਾਹੂ, ਜਹ ਮੁਰਸ਼ਦ ਦਾ ਲੜ ਫੜਿਆ ਹੂ॥

ਇਹਨਾਂ ਤਰਕਾਂ ਰਾਹੀਂ ਬਾਹੂ ਇਸ ਸਿਟੇ ਤੇ ਪਹੁੰਚਦਾ ਹੈ ਕਿ ਰੱਬ ਦੀਨ ਦੀਆਂ ਕਿਤਾਬਾਂ, ਇਲਮ 'ਚ ਕਿਤੇ ਨਹੀਂ ਹੈ ਜੇ ਹੁੰਦਾ ਤਾਂ ਦੀਨ ਦਾ ਇਤਿਹਾਸ ਦਮਨ, ਕਤਲੋਗਾਰਤ, ਗ਼ੈਰ-ਮਨੁੱਖੀ ਸਜ਼ਾਵਾਂ ਨਾਲ ਭਰਿਆ ਨਾ ਹੁੰਦਾ ਤੇ ਨਾ ਹੀ ਹਜ਼ਰਤ ਇਮਾਨ ਹੁਸੈਨ ਨੂੰ ਕਰਬਲਾ 'ਚ ਤਸੀਹੇ ਦਿੰਦਿਆਂ ਪਾਣੀ ਤੋਂ ਮਹਿਰੂਮ ਕੀਤਾ ਜਾਂਦਾ।

ਜੇਕਰ ਦੀਨ ਇਲਮ ਵਿਚ ਹੁੰਦਾ ਤਾਂ ਸਿਰ ਨੇਜ਼ੇ ਕਿਉਂ ਚੜ੍ਹਦੇ ਹੂ।
ਜੇਕਰ ਮੁਲ੍ਹਾਜ਼ਾ ਸਰਵਰ ਦਾ ਕਰਦੇ ਤਾਂ ਖੇਮੇ ਤੰਬੂ ਕਿਉਂ ਸੜਦੇ ਹੂ।
ਜੇਕਰ ਮੰਨਦੇ ਬੈਤ ਰਸੂਲੀ ਤਾਂ ਪਾਣੀ ਬੰਦ ਕਿਉਂ ਕਰਦੇ ਹੂ॥

ਇਸੇ ਲਈ ਉਹ ਉਗਰ ਤਰੀਕੇ ਨਾਲ ਰੱਬੀ ਹੋਂਦ ਨੂੰ ਮੁਕੰਮਲ ਰੂਪ 'ਚ ਸਵੀਕਾਰਦਿਆਂ ਮਜ਼ਹਬ ਦੀ ਵਾਸਤਵਿਕ ਹੋਂਦ ਨੂੰ ਅਤਾਰਕਿਕ ਦੱਸਦਾ ਹੋਇਆ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੰਦਾ ਹੈ। ਉਸ ਦਾ ਮੰਨਣਾ ਹੈ ਕਿ ਵਧਦੀ ਉਮਰ ਜਾਂ ਬਜ਼ੁਰਗੀ ਅਭਿਆਸ ਜੇ ਕਾਲੇ 'ਇਲਮ' ਵੱਲ ਲਿਜਾਂਦਾ ਹੈ ਤਾਂ ਇਸ ਨਾਲੋਂ ਕਾਫ਼ਰ ਰਾਹੇ ਜਾਂਦਿਆਂ ਕਾਲਾ ਹੋਇਆ ਮੂੰਹ ਚੰਗਾ ਹੈ। ਲੱਖਾਂ ਲੋਕਾਂ ਨੂੰ ਦੋਜ਼ਖ ਦਾ ਡਰ ਹੈ ਅਤੇ ਸ਼ਰੀਅਤ ਦੇ ਰਖਵਾਲੇ ਤਾਰਕਿਕ ਬਹਿਸ 'ਚ ਹਾਰ ਜਾਣ ਤੇ ਫਕੀਰ ਨੂੰ ਕਾਫਰ ਦੱਸਦਿਆਂ ਰੋਜ ਦਿਹਾੜੀ ਰੁਸ ਰੁਸ ਜਾਂਦੇ ਹਨ, ਆਸ਼ਕਾਂ ਦੇ ਗਲ 'ਚ ਹਮੇਸ਼ਾਂ ਛੁਰੀ ਰਹਿੰਦੀ ਹੈ ਅਤੇ ਮਹਿਬੂਬਾ/ਕਿਰਿਆ ਉਸ ਨੂੰ ਜਿਬ੍ਹਾ ਕਰਦੀ ਰਹਿੰਦੀ ਹੈ, ਪਰ ਸਵਾਲ ਹੈ ਕਿ ਉਹ ਰੁਸ ਜਾਣ ਅਤੇ ਆਪਣੀ ਨਿਹਚਾ ਬਦਲ ਲੈਣ।

ਬਜ਼ੁਰਗੀ ਘਤ ਵੈਹਨ ਰੁੜ੍ਹਾਈਏ, ਮਲੀਏ ਰੱਜ ਮੂੰਹ ਕਾਲਾ ਹੂ।
ਲਾ ਇੱਲਾ ਵਾਲਾ ਕਹਿਣਾ ਮੰਨਿਆ, ਮਜ਼ਹਬ ਕੀ ਲਗਦਾ ਸਾਲਾ ਹੂ।
ਇਲਦਾ ਘਰ ਮੇਰੇ ਆਇਆ, ਜੈਂ ਆਨ ਉਠਾਇਆ ਪਾਲਾ ਹੂ।
ਭਰ ਪਿਆਲਾ ਖਿਜ਼ਰੋਂ ਪੀਤਾ, ਬਾਹੂ ਆਬਿ ਹਯਾਤੀ ਵਾਲਾ ਹੂ।

ਹਜ਼ਰਤ ਬਾਹੂ ਆਪਣੇ ਸਮੇਂ ਦੇ ਸੂਫ਼ੀ ਸਿਲਸਿਲਿਆਂ ਨੂੰ ਕੁਰਾਨੀ ਇਸਲਾਮ ਤੋਂ ਬੇਮੁੱਖ ਭਗਤੀ ਮਾਰਗ ਦੇ ਕਰਮ-ਕਾਂਢਾ 'ਚ ਗਰੱਸੇ ਚਿੱਤਰਦਾ ਹੈ ਅਤੇ ਉਸ ਨੂੰ ਦੀਨ ਮਜ਼ਹਬ ਵੀ ਇਕ ਗੋਰਖਧੰਦਾ ਜਾਪਦਾ ਹੈ ਜਿਵੇਂ ਵੇਦਾਂਤ ਦਾ ਭਗਤੀਵਾਦ ਵਹਦਤ 'ਚ ਰੂਪ ਪਲਟ ਲੈਂਦਾ ਹੈ। ਅਰਬੀ ਇਸਲਾਮ ਕਰਮ-ਕਾਂਢਾਂ ਅਤੇ ਬੁੱਤਪ੍ਰਸਤੀ ਨੂੰ ਇਕਈਸ਼ਵਰਵਾਦ ਦੀ ਸਖਤੀ ਨਾਲ ਨਾਕਾਰ ਚੁੱਕਾ ਸੀ ਅਤੇ ਇਨਸਾਨੀ ਕਰਾਮਾਤਾਂ ਨੂੰ ਅਸੰਭਵ ਕਰਾਰ ਦੇ ਚੁੱਕਾ ਸੀ। ਤੇਹਰਵੀਂ ਸਦੀ ਤੋਂ ਬਾਅਦ ਚਿਸ਼ਤੀ ਸੂਫ਼ੀਆਂ ਦੇ ਭਗਤੀ ਮਾਰਗ ਦੇ ਬਾਅਦ ਤੁਰਕ ਕਾਲ ਅੰਦਰ ਹੀ ਚਿਸ਼ਤੀ ਸੂਫ਼ੀਆਂ ਨਾਲ ਜੁੜੀਆਂ ਕਰਾਮਾਤਾਂ ਦਾ ਪੀਰਵਾਦੀ ਮਾਰਗ ਖੁੱਲ ਗਿਆ ਸੀ, ਜਿਵੇਂ ਪਿੱਛੇ ਪੇਸ਼ ਕੀਤਾ ਹੈ। ਪਹਿਲੇ ਖ਼ਲੀਫ਼ਾ ਅਬੂ ਬਕਰ ਨੇ ਜਦੋਂ ਪੈਗ਼ੰਬਰੇ ਅਰਬੀ ਨੂੰ ਇਨਸਾਨ ਵਾਂਗ ਸਾਹ ਲੈਂਦਾ ਅਤੇ ਆਪਣੇ ਨਾਲ ਨਾਲ ਰਹਿੰਦਾ ਪੇਸ਼ ਕਰਕੇ ਖ਼ਲੀਫ਼ਾ ਉਮਰ ਨੂੰ ਝਿੜਕਿਆ ਸੀ ਤਾਂ ਕਿਸੇ ਹੋਰ ਸੂਫੀ-ਸੰਤ 'ਚ ਕੀ ਇਹ ਕਰਾਮਾਤ ਹੋ ਸਕਦੀ ਸੀ ਕਿ ਉਹ ਕੁਦਰਤ ਦੀ ਹੋਂਦ ਨੂੰ ਬਦਲ ਦੇਵੇ ਜਿਹੜੀ ਕਿ ਉਸ ਕਾਦਰ ਦੀ ਰਜ਼ਾ ਅਨੁਸਾਰ ਚਲਦੀ ਹੈ। ਹਜ਼ਰਤ ਮੁਹੰਮਦ ਸਾਹਿਬ

ਦੀ ਮੌਤ ਦੀ ਖਬਰ ਜਦੋਂ ਸੀਰੀਆ ’ਚ ਅਰਬੀ ਸੈਨਾ ਕੋਲ ਪੁੱਜੀ ਤਾਂ ਖ਼ਲੀਫ਼ਾ ਉਮਰ ਖਬਰ ਲਿਆਉਣ ਵਾਲੇ ਦੇ ਗਲ ਪੈ ਗਿਆ ਅਤੇ ਅਜਿਹੀ ਝੂਠੀ ਖਬਰ ਲਈ ਉਸ ਦਾ ਸਿਰ ਵੱਢ ਦੇਣ ਦੀ ਧਮਕੀ ਦਿੱਤੀ ਕਿ ਪੈਗ਼ੰਬਰ ਦੀ ਮੌਤ ਕਿਵੇਂ ਹੋ ਸਕਦੀ ਹੈ? ਇਸ ਬਾਰੇ ਬਜ਼ੁਰਗੀ ਨੂੰ ਪੁੱਜੇ ਖ਼ਲੀਫ਼ਾ ਨੇ ਨੌਜੁਆਨ ਖ਼ਲੀਫ਼ਾ ਨੂੰ ਝਿੜਕਦਿਆਂ ਕਿਹਾ ਸੀ, ‘ਕੀ ਤੁਸੀਂ ਮੁਹੰਮਦ ਦੀ ਬੰਦਗੀ ਕਰਦੇ ਹੋ ਜਾਂ ਉਸਦੇ ਅੱਲਾਹ ਦੀ? ਮੁਹੰਮਦ ਦਾ ਅੱਲਾਹ ਹਮੇਸ਼ਾ ਰਹਿਣ ਵਾਲਾ ਤੇ ਅਮਰ ਹੈ ਜਦਕਿ ਉਸਦਾ ਰਸੂਲ ਸਾਡੇ ਜਿਹਾ ਨਾਸ਼ਵਾਨ ਹੈ। ਮੁਹੰਮਦ ਨੇ ਖ਼ੁਦ ਆਪਣੀ ਭਵਿੱਖਬਾਣੀ ਦੇ ਅਨੁਸਾਰ ਮਨੁੱਖਾਂ ਦਾ ਜੀਵਨ ਬਤੀਤ ਕੀਤਾ ਹੈ।’ ਭਾਵ ਇਸਲਾਮ ਮੁਹੰਮਦ ਦੀ ਨਹੀਂ ਅੱਲਾਹ ਦੀ ਬੰਦਗੀ ਕਰਨ ਵਾਲਾ ਮਜ਼ਹਬ ਸੀ ਮਗਰ ਬਾਹੂ ਜਦੋਂ ਅੱਲ੍ਹਾ ਦੀ ਬਜਾਏ ਦੀ ਬੁੱਤਖਾਨੇ ਅਤੇ ਬੁੱਤ ਦਾ ਰੂਪ ਧਾਰ ਗਏ ਇਨਸਾਨਾਂ ਦੀਆਂ ਕਰਾਮਾਤਾਂ ਦਾ ਸ਼ੋਰ ਸੁਣ ਰਿਹਾ ਸੀ ਤਾਂ ਉਸਦੀ ਤਾਲੀਮ ਉਸਨੂੰ ਅਜਿਹੇ ਢਕਵੰਜ ਨੂੰ ਰੱਦ ਕਰ ਦੇਣ ਦੀ ਤਾਕਤ ਦਿੰਦੀ ਹੈ। ਜਿਸ ਵੇਲੇ ਭਗਤੀ ਦਾ ਸ਼ੋਰ ਇਨਸਾਨਾਂ ਨੂੰ ਕਰਾਮਾਤੀ ਬਣਾ ਕੇ ਕੁਦਰਤੀ ਵਰਤਾਰਿਆਂ ਨੂੰ ਤਬਦੀਲ ਕਰਨ ਦੀਆਂ ਮਿੱਥਾਂ ਸਿਰਜ ਰਿਹਾ ਸੀ ਉਸ ਵੇਲੇ ਬਾਹੂ ਤਰਕ ਦੇ ਸਹਾਰੇ ਅਜਿਹੀ ਕਿਸੇ ਵੀ ਸ਼ਕਤੀ ਨੂੰ ਰੱਦ ਕਰ ਰਿਹਾ ਸੀ ਜੋ ਕਾਦਰ ਦੀ ਕੁਦਰਤ ਨੂੰ ਬਦਲ ਸਕਦੀ ਹੋਵੇ। ਬਾਬਾ ਨਾਨਕ ਨੇ ਇਸਲਾਮਕ ਇਕਈਸ਼ਵਰਵਾਦ ਨੂੰ ਸਵੀਕਾਰਦਿਆਂ ਸਮੁੱਚੇ ਕਰਮਕਾਂਢਾਂ ਨੂੰ ਬਾਹੂ ਤੋਂ ਬਹੁਤ ਚਿਰ ਪਹਿਲਾਂ ਰੱਦ ਕਰ ਦਿੱਤਾ ਸੀ। ਕਰਮਕਾਂਢਾਂ ਅਤੇ ਕਰਾਮਾਤਾਂ ਦੇ ਅਜਿਹੀ ਭਗਤੀਵਾਦੀ ਅਮਲ ਦਾ ਸ਼ੋਰ ਬਾਹੂ ਦੀ ਚੇਤਨਾ ਨੂੰ ਸੱਲਦਾ ਹੈ ਤਾਂ ਇਸਲਾਮ ਦੇ ਇਸ ਮਜ਼ਹਬੀ ਰੂਪ ਤੋਂ ਤਾਂ ਕੀ ਮਜ਼ਹਬ/ਦੀਨ ਦੀ ਜ਼ਰੂਰਤ ਤੋਂ ਵੀ ਇਨਕਾਰ ਕਰ ਦਿੰਦਾ ਹੈ ਅਤੇ ਆਪਣੇ ਤਰਕਾਂ ਦੇ ਸਹਾਰੇ ਹੋ ਤੁਰਦਾ ਹੈ। ਜਿਸ ਵੇਲੇ ਰੀਠੇ ਮਿੱਠੇ ਹੋ ਰਹੇ ਸਨ, ਕਾਵਾਂ ਦੇ ਬੱਚੇ ਹੰਸ ਬਣ ਰਹੇ ਸਨ ਅਤੇ ਖੂਹਾਂ ਦੇ ਕੌੜੇ ਪਾਣੀ ਇਨਸਾਨੀ ਕਰਾਮਾਤਾਂ ਰਾਹੀਂ ਮਿੱਠੇ ਕਰਾਏ ਜਾ ਰਹੇ ਸਨ, ਅਜਿਹੇ ਹਦੀਸੀ/ਸਾਖੀਵਾਦੀ ਕੱਟੜ ਆਸਥਾਵਾਦ ਨੂੰ ਉਸ ਦੇ ਕਰਦ ਵਰਗੇ ਤਰਕ ਮੁੱਢੋਂ ਖਾਰਜ਼ ਕਰ ਰਹੇ ਸਨ।

ਤੁੰਮੇ ਤਰਬੂਜ਼ ਮੂਲ ਨਾ ਬਣਦੇ, ਤੋੜੇ ਤੋੜ ਮੱਕੇ ਲੈ ਜਾਈਏ ਹੂ।
ਕਾਵਾਂ ਦੇ ਬੱਚੇ ਹੰਸ ਨਾ ਥੀਂਦੇ, ਚੁਣ ਮੋਤੀ ਚੋਗ ਚੁਗਾਈਏ ਹੂ।
ਕੌੜੇ ਖੂਹ ਨਾ ਮਿੱਠੇ ਥੀਵਣ ਬਾਹੂ, ਭਾਵੇਂ ਸੈ ਮਣਾਂ ਗੁੜ ਪਾਈਏ ਹੂ।

ਬਾਹੂ ਨੂੰ ਸੂਫ਼ੀਆਂ ਵੱਲੋਂ ਭਾਰਤੀ ਸ਼ੂਦਰਾਂ ਨੂੰ ਇਸਲਾਮ ਦਾ ਗਿਆਨ ਕੇਵਲ ਰੂਪਕੀ ਵਲਗਣ ਹੀ ਮਹਿਸੂਸ ਹੁੰਦਾ ਹੈ, ਕਿਉਂਕਿ ਇਹਨਾਂ ਦਾ ਸਵਰਗ ਪ੍ਰਾਪਤ ਕਰਨ ਦਾ ਢੰਗ ਪੂਰਣ ਰੂਪ ’ਚ ਉਸ ਵੇਲੇ ਭਗਤੀਵਾਦੀ ਸ਼ਰਣ ਪ੍ਰਾਪਤ ਕਰ ਚੁੱਕਾ ਸੀ। ਫਿਕਾਹ ਅਸੂਲ ਦੀ ਤਾਲੀਮ ਹਦੀਸੀ ਸ਼ਰੀਅਤ ਦੇ ਇਲਮ ’ਚ ਵੱਟ ਗਈ, ਕਲਾਮ ਵਹਿਦਤ ਦੇ ਸੂਫ਼ੀਵਾਦੀ ਵੇਦਾਂਤਕ ਢੌਂਗ ’ਚ ਅਤੇ ਇਜਤਿਹਾਦ ਦਾ ਨਾਮੋ ਨਿਸ਼ਾਨ ਵੀ ਨਹੀਂ ਸੀ। ਸੂਫ਼ੀਆਂ ਦੀ ਸਮਾਜਿਕ ਬਰਾਬਰੀ ਦੀ ਖਿੱਚ ਨੇ ਸ਼ੂਦਰਾਂ/ਕਾਰੀਗਰ/ਕਾਮਾ ਜਮਾਤ ਨੂੰ ਆਪਣੇ ’ਚ ਸਮੋਅ ਲਿਆ ਸੀ। ਇਸੇ ਵੇਲੇ ਹਿੰਦੂ ਧਰਮ ਦੀ ਪੁਨਰ ਸਥਾਪਤੀ ’ਚ ਅਸਲੋਂ ਤਿੱਖੀ ਗਤੀ ਆਈ, ਕਿਉਂਕਿ ਉਹਨਾਂ ਦੇ ਵਿਦਵਾਨ ਇਹ ਗੱਲ ਜਾਣ ਗਏ ਸਨ ਕਿ ਤੁਲਸੀਦਾਸ ਦੇ ਚਿੰਤਨ ਦਾ ਰਾਹ ਸ਼ੂਦਰਾਂ ਨੂੰ ਸੂਫ਼ੀਵਾਦ ਵੱਲ ਹੀ ਧੱਕੇਗਾ। ਇਸ ਕਰਕੇ ਸ਼ੂਦਰਾਂ ਨੂੰ ਸਮਾਜਿਕ ਬਰਾਬਰੀ ਦੇਣ ਦੇ ਅਮਲ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਬਚਦਾ ਸੀ। ਇਸੇ ਲਈ ਭਗਤੀ ਦੀ ਨਵੀਂ ਗੁਰੂਵਾਦੀ ਵਿਆਖਿਆ ਦਾ ਸਾਹਿਤ ਤੇਜ਼ੀ ਨਾਲ ਪ੍ਰਫੁਲਤ ਹੋਣ ਲੱਗਾ ਅਤੇ ਮੁਗ਼ਲ ਸਲਤਨਤ ਨੂੰ ਇਸ ਉੱਪਰ ਕੋਈ ਅਪੱਤੀ ਨਹੀਂ ਸੀ, ਵਰਣਵਾਦੀ ਵਿਵਸਥਾ ’ਚ ਜਿਹੜੇ ਰੀਠੇ (ਸ਼ੂਦਰ) ਕੌੜੇ ਸਨ ਉਹ ਹੁਣ ਮਿੱਠੇ ਹੋ ਗਏ ਸਨ। ਬਾਹੂ ਨੇ ਇਹ ਮਤ ਪੇਸ਼ ਕੀਤਾ ਹੈ ਕਿ ਸੂਫ਼ੀਆਂ ਦਾ ਮਤ ਵਿਚਾਰਾਂ ਦੀ ਤਬਦੀਲੀ ਦੀ ਬਜਾਏ ਉਹਨਾਂ ਨੂੰ ਮੱਕੇ ਜਾ ਕੇ ਮਿੱਠੇ ਕਰਨ ਦੀ ਹੱਦਬੰਦੀ ਬੁੱਤ ਪ੍ਰਸਤੀ ਦੀ ਪ੍ਰਆਇਵਾਚੀ ਹੈ। ਇਸ ਦੇ ਉਲਟ ਬਾਹੂ ਕੋਲ ਭੌਤਿਕ ਜਗਤ ਨੂੰ ਜਾਨਣ ਦਾ ਮਾਰਗ ਪੰਜ ਗਿਆਨ ਇੰਦਰੀਆਂ ਹਨ ਜੋ ਵੇਦਾਂਤ ਦੇ ਭਗਤੀਵਾਦੀ ਪੰਜ ਵਿਕਾਰਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀ ਬਜਾਏ ਜਗਤ ਨੂੰ ਅਨੁਭਵ ਕਰਨ ਦਾ ਮਾਰਗ ਹਨ। ਪੁਰਾਤਨ ਭਾਰਤੀ ਦਰਸ਼ਨ ਦੀ ਸਾਂਖਵਾਦੀ ਪ੍ਰੰਪਰਾ ਦੀ ਪੈਰਵਾਈ ਕਰਦਿਆਂ ਬਾਹੂ ਕੁਦਰਤ ਦੀ ਇਸ ਚੇਤਨਾ ਤੋਂ ਇਲਾਵਾ ਸੱਭੇ ਗਿਆਨ ਹਾਸਿਲ ਕਰਨ ਵਾਲੇ ਸੂਤਰਾਂ ਨੂੰ ਰੱਦ ਕਰਦਾ ਹੈ। ਵਿਦਵਾਨਾਂ ਨੇ ਵੇਦਾਂਤ ਨੂੰ ਦਰਸ਼ਨ ਦੀ ਕੋਟੀ ’ਚ ਰੱਖਣ ਤੋਂ ਇਨਕਾਰ ਕੀਤਾ ਹੈ। ਧਰਮ ਮੀਮਾਂਸਾ ਦੀ ਤਾਰਕਿਕ ਵਿਧੀ ਪੰਜ ਗਿਆਨ ਇੰਦਰੀਆਂ ਦੇ ਅਸਰ ਨੂੰ ਕਬੂਲਦੀ ਹੈ। ਉਹ ਇਹਨਾਂ ਪੰਜ ਗਿਆਨ ਇੰਦਰੀਆਂ ਨੂੰ ਧਰਮਾਂ, ਦੀਨਾਂ ਦੇ ਰੱਬ ਨੂੰ ਪ੍ਰਾਪਤ ਕਰਨ ਦੇ ਇਲਮ ਤੋਂ ਬਹੁਤ ਉਪਰਲੀ ਚੇਤਨਾ ਦੀ ਸੱਤਾ ਮੰਨਦਾ ਹੈ ਅਤੇ ਅਜਿਹਾ ਗਿਆਨ ਦੇਣ ਵਾਲੇ ਅਧਿਆਪਕ ਲਈ ਉਹ ਸਿਰ ਦੇਣਾ ਵੀ ਸਵੀਕਾਰ ਕਰ ਲੈਂਦਾ ਹੈ। ਮੱਧਕਾਲੀ ਸਮਾਜ ’ਚ ਕੁਰਬਾਨੀ, ਸੀਸ ਅਰਪਨ ਕਰਨਾ, ਸ਼ਹੀਦੀ ਆਪਣੀ ਹੋਂਦ/ਵਿਚਾਰ ਦੀ ਪਕਿਆਈ ਨੂੰ ਸਾਬਿਤ ਸੂਰਤ ਰੱਖਣ ਦੇ ਇਨਸਾਨੀ ਜਜ਼ਬੇ ਹਨ। ਅਸਹਿਣਸ਼ੀਲ ਨਿਜ਼ਾਮ ’ਚ ਆਪਣੇ ਵਿਚਾਰ ਅਤੇ ਹੋਂਦ ਨੂੰ ਕਾਇਣ ਰੱਖਣ ਦਾ ਇਹ ਇਕੋ ਇਕ ਸਹਿਣਸ਼ੀਲ ਤੇ ਤਾਰਕਿਕ ਮਾਰਗ ਹੁੰਦਾ ਹੈ। ਨਫ਼ਸ ਜਿਸਨੂੰ ਹਾਉਮੈ ਵੀ ਕਿਹਾ ਜਾਂਦਾ ਹੈ, ਕਾਦਰੀ ਇਕਹਰੇ ਦੀ ਬਜਾਏ ਦੁਵੱਲੇ ਅਰਥ ਪ੍ਰਦਾਨ ਕਰਦੇ ਹਨ। ਨਫ਼ਸ ਦਾ ਸੱਤਾ ਬਣਨਾ ਦਮਨ ਹੈ, ਮਗਰ ਨਫ਼ਸ ਦੀ ਅਣਹੋਂਦ ਅਸਤਿਤਵਹੀਣ ਹੋ ਜਾਣਾ ਹੈ। ਇਹ ਆਧੁਨਿਕ ਹੋਂਦਵਾਦੀ ਸੰਕਲਪ ਦੀ ਮੱਧਕਾਲੀ ਵਿਆਖਿਆ ਹੀ ਹੈ। ਫ਼ਕੀਰ ਸੱਤਾ ਦੀ ਦਮਨਕਾਰੀ ਚੱਕੀ ਚੋਂ ਬਾਹਰ ਹੈ, ਕਿਉਂਕ ਇਹ ਨਫ਼ਸ ਹੈ, ਮਗਰ ਸੱਤਾ ਦੇ ਹਰ ਦਮਨਕਾਰੀ ਰੂਪ ਦਾ ਵਿਰੋਧ/ਅਲੋਚਨਾ ਕਰਨਾ ਭਾਵੇਂ ਉਸ ਲਈ ਸਿਰ ਦੀ ਬਾਜ਼ੀ ਲਾਉਣੀ ਪਵੇ ਅਸਤਿਤਵ ਨੂੰ ਕਾਇਮ ਰੱਖਣ ਦੀ ਰੌਸ਼ਨੀ/ਚੇਤਨਾ ਹੈ ਅਤੇ ਇਹ ਨਫ਼ਸ ਫਕੀਰੀ ਮਾਰਗ ਦੀ ਮੁੱਖ ਜ਼ਰੂਰਤ ਹੈ। ਬਾਬਾ ਨਾਨਕ ਨੇ ਇਸ ਨੂੰ ਆਪਣੇ ਸ਼ਬਦਾਂ ’ਚ ਚਿੱਤਰਿਆ ਹੈ, ਹਾਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥ ਫ਼ਕੀਰੀ ਆਲਮ ਦੀ ਇਹ ਰੌਸ਼ਨ ਖਿਆਲੀ ‘ਮਰ ਮਰ ਜੀਣ’ ਦਾ ਮਾਰਗ ਹੈ। ਇਹ ਰੌਸ਼ਨ ਖਿਆਲੀ ਯੂਰਪ ਕੋਲ ਤਕਰੀਬਨ ਅਠਾਰਵੀਂ ਸਦੀ ਦੇ ਅੰਤ ’ਚ ਪ੍ਰਾਪਤ ਹੋਈ, ਜੋ ਇਹਨਾਂ

ਪੰਜਾਬੀ ਫ਼ਕੀਰਾਂ ਦੇ ਚਿੰਤਨ ਦਾ ਮਾਰਗ ਸੀ।

ਪੰਜੇ ਮਹਿਲ ਪੰਜਾਂ ਵਿਚ ਚਾਨਣ, ਦੀਵਾ ਕਿਤਵਲ ਧਰੀਏ ਹੂ।
ਪੰਜੇ ਮਹਰ ਪੰਜੇ ਪਟਵਾਰੀ, ਹਾਸਲ ਕਿਤਵਲ ਭਰੀਏ ਹੂ।
ਪੰਜੇ ਅਮਾਮ ਤੇ ਪੰਜੇ ਕਿਬਲੇ, ਸਿਜਦੇ ਕਿਤਵਲ ਕਰੀਏ ਹੂ।
ਬਾਹੂ ਜੇ ਸਾਹਿਬ ਸਿਰ ਮੰਗੇ, ਹਰਗਿਜ਼ ਢਿਲ ਨਾ ਕਰੀਏ ਹੂ।

ਭਗਤੀ ਅਤੇ ਤਰਕ ਦੇ ਮੱਧਕਾਲੀ ਸੰਵਾਦ 'ਚ ਤੱਥਾਂ ਨੂੰ ਰੂਪਕੀ ਤਰਕਾਂ 'ਚ ਬੰਨਦਾ ਬਾਹੂ ਭਗਤੀ ਦੇ ਆਸਥਾਵਾਦੀ ਮਾਰਗ ਨੂੰ ਚਣੌਤੀ ਦਿੰਦਾ ਹੈ। ਯੂਰਪ ਨੇ ਅਠਾਰਵੀਂ ਸਦੀ ਦੇ ਫ਼ਰਾਂਸ 'ਚ ਪੈਦਾ ਹੋਈ ਰੌਸ਼ਨ ਖਿਆਲੀ ਨੂੰ ਆਧੁਨਿਕ ਦਰਸ਼ਨ ਸ਼ਾਸ਼ਤਰ ਦਾ ਹਿੱਸਾ ਬਣਾਉਂਦਿਆਂ ਮਨੁੱਖੀ ਅਸਤਿਤਵ ਦੇ ਸੰਕਲਪ ਨੂੰ ਖੜਾ ਕਰਨ ਦਾ ਚਿੰਤਨ ਜਾਰੀ ਰੱਖਿਆ ਅਤੇ ਮਨੁੱਖੀ ਹੋਂਦ ਨੂੰ ਜੀਣ ਦਾ ਵਿਸਥਾਰਤ ਸੁਪਨਾ ਅਤੇ ਸੰਕਲਪ ਦਿੱਤਾ। ਬਾਹੂ ਤੋਂ ਬਾਅਦ ਬਾਬਾ ਬੁੱਲ੍ਹੇ ਸਾਹ ਨੇ ਇਸਨੂੰ ਭੌਤਿਕਵਾਦੀ ਚਰਮ ਸਿਖਰ 'ਤੇ ਪੁਚਾਇਆ। ਕਾਫ਼ਿਰ ਹੋਣ ਦੇ ਹੋਕੇ ਨਾਲ ਉਹ 'ਕੀ ਜਾਣਾ ਮੈਂ ਕੌਣ' ਤੱਕ ਪਹੁੰਚਿਆ। ਵਾਰਿਸ ਵੇਲੇ ਪੰਜਾਬ ਗ੍ਰਹਿ ਯੁੱਧ ਅਤੇ ਧਾੜਵੀ ਲੁਟੇਰਿਆਂ ਦਾ ਖਾੜ੍ਹਾ ਬਣ ਗਿਆ ਸੀ। ਭੌਤਿਕਵਾਦੀ ਚਿੰਤਨ ਨੇ ਆਪਣੀਆਂ ਸਫਾਂ 'ਵਲੇਟ' ਲਈਆਂ। 18ਵੀਂ ਸਦੀ ਦੀ ਚੜ੍ਹਤ 'ਤੇ ਬਦਲਦੇ ਸਮਾਜ-ਆਰਥਿਕ ਵਰਤਾਰੇ ਦੀ ਲੋੜ ਪੀਰਵਾਦ ਅਤੇ ਵੇਦਾਂਤ ਸੀ, ਜਿਸਨੂੰ ਬਹੁਤ ਥੋੜ੍ਹੇ ਸਮੇਂ ਬਾਅਦ ਬਸਤੀਵਾਦ ਨੇ ਘੇਰਦਿਆ ਖੂਬ ਲਾਹਾ ਲਿਆ। ਪੀਰਵਾਦੀ ਅਤੇ ਬਸਤੀਵਾਦੀ ਦੌਰਾਂ 'ਚੋਂ ਲੰਘਦੇ ਪੰਜਾਬੀਆਂ ਨੇ ਤਰਕ ਦੇ ਸਿਪਾਹੀਆਂ ਨੂੰ ਬੁੱਤਪੂਜਾ 'ਚ ਬਦਲਦਿਆਂ ਇਹਨਾਂ ਦੀ ਅਸਲ ਪੀੜ ਨੂੰ ਸੁਣਨ ਤੋਂ ਕਿਨਾਰਾ ਕਰ ਲਿਆ। ਆਸਥਾਵਾਦ ਦੇ ਪਹਾੜ ਨਾਲ ਟਕਰਾਉਂਦੇ ਨਿਜ਼ਾਮ ਵਿਰੋਧੀ ਇਹ ਫਕੀਰ ਤਰਕ ਦੀ ਕਰਦ ਨਾਲ ਛਿੱਲਦੇ ਸਨ; ਅੱਜ ਜਨ ਆਸਥਾ (ਬਾਜ਼ਾਰਵਾਦੀ, ਵਸਤੂਵਾਦੀ ਆਸਥਾਵਾਦ ਦੁਨੀਆ ਅਤੇ ਦੁਨੀਆਦਾਰ ਦੀ ਹਮੇਸ਼ਾ ਲੋੜ ਹੁੰਦਾ ਹੈ) ਦੇ ਮਣਾਂ ਮੂੰਹੀ ਭਾਰ ਹੇਠ ਦਫ਼ਨ ਹੈ, ਲੋੜ ਫਕੀਰਾਂ ਦੇ ਪੁਨਰ ਚਿੰਤਨ ਦੀ ਹੈ। ਉਸ ਪੁਨਰ ਚਿੰਤਨ ਦੀ ਜਿਸ ਪੁਨਰ ਚਿੰਤਨ ਨੇ ਬਾਹੂ ਤੱਕ ਪਹੁੰਚੇ ਸੂਫ਼ੀਵਾਦ ਦੇ ਤਰਕ ਰਾਹੀਂ ਪਰਖੱਚੇ ਉਡਾਏ ਸਨ, ਤਰਕ ਜਿਸ ਤੋਂ ਆਸਥਾ ਅੱਜ ਵੀ ਤ੍ਰੈਹਿੰਦੀ ਹੈ। ਦਰਵੇਸ਼ੀ ਇਲਮ ਨਹੀਂ ਅਮਲ ਦੀ ਤਾਲੀਮ ਦਾ ਮਾਰਗ ਹੈ।

ਰਾਹ ਫੱਕਰ ਦਾ ਪਰੇ ਪਰੇਰੇ, ਓੜਕ ਕੋਈ ਨਾ ਦਿਸੇ ਹੂ।
ਨਾ ਓਥੇ ਇਲਮ ਨਾ ਪੜ੍ਹਨ ਪੜ੍ਹਾਵਣ, ਨਾ ਓਥੇ ਮਸਲੇ ਕਿੱਸੇ ਹੂ।
ਇਹ ਹੈ ਦੁਨੀਆਂ ਬੁੱਤ ਪ੍ਰਸਤੀ, ਮੱਤ ਕੋਈ ਇਸਤੇ ਵਿੱਸੇ ਹੂ।
ਮੌਤ ਫਕੀਰੀ ਜੇਂਹ ਸਿਰ ਆਵੇ, ਬਾਹੂ ਇਲਮ ਹੋਵੇ ਤਿੱਸੇ ਹੂ।

• • •

## *ਸੰਦਰਭ ਪੁਸਤਕਾਂ*


- ਸੁਲਤਾਨ ਬਾਹੂ, ਸੰਪਾ-ਐਸ.ਐਸ ਅਮੋਲ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1970.
- ਐਮ.ਐਨ.ਰਾਇ, ਇਸਲਾਮ ਦੀ ਇਤਿਹਾਸਕ ਭੂਮਿਕਾ (ਅਨੁ-ਜਗਵਿੰਦਰ ਯੋਧਾ), 5ਆਬ ਪ੍ਰਕਾਸ਼ਨ,ਜਲੰਧਰ 2015.
- ਰਾਹੁਲ ਸੰਕ੍ਰਿਤਾਯਨ, ਵੋਲਗਾ ਸੇ ਗੰਗਾ, ਕਿਤਾਬ ਮਹਿਲ, ਇਲਾਹਾਬਾਦ 2014.
- ਮੱਧਕਾਲੀਨ ਭਾਰਤ-9, ਸੰਪਾਦਕ-ਇਰਫਾਨ ਹਬੀਬ, ਰਾਜ ਕਮਲ ਪ੍ਰਕਾਸ਼ਨ, ਦਿੱਲੀ 2014.
- ਅਨੰਤ ਦਾਸ, ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ, ਸੰਪਾ. ਧਰਮਪਾਲ ਸਿੰਗਲ, ਦਲਿਤ ਵੈਲਫੇਅਰ ਐਸੋਸੀਏਸ਼ਨ, ਯੂ.ਕੇ., 1985
- ਦਿਵਯ ਪ੍ਰਬੰਧ (ਆਲਵਾਰੋਂ ਕੀ ਵਾਣੀਆਂ), ਸੰਪਾ-ਰਾਮ ਸਿੰਘ ਤੋਮਰ, ਵਿਸ਼ਵਭਾਰਤੀ, ਕਲਕੱਤਾ 1996.
- ਏ.ਕੇ.ਨੀਲਕੰਠ, ਦੱਖਣੀ ਭਾਰਤ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ 2006.
- Richard M Eatton, Essays on Islam and Indian history, Oxford Univesity Press, New Delhi 2015.
- Jean-Paul Sartre, Critique of Dialectical Reason, Verso, London 1982.
- Jean-Jacques Rousseau, The Social Contract, A Discourse on the Origin Of Inequality..., U S A 2005.
- Roland Barthes, A Roland Barthes Reader, Vintage, London 1993.